ਨਵੀਂ ਦਿੱਲੀ

ਪਾਲਿਕਾ ਸਮਾਚਾਰ

(ਦੋ ਮਾਸਿਕ)

ਸਾਲ 38 ਅੰਕ 01-02

ਜਨਵਰੀ-ਫ਼ਰਵਰੀ, 2015

ਸੰਪਾਦਕੀ ਮੰਡਲ

ਸਰਪ੍ਰਸਤ

ਜਲਜ ਸ੍ਰੀਵਾਸਤਵ

ਪ੍ਰਧਾਨ

ਮੁੱਖ ਸੰਪਾਦਕ

ਨਿਖਿਲ ਕੁਮਾਰ

ਉਪ ਮੁੱਖ ਸੰਪਾਦਕ

ਜਗਜੀਵਨ ਬਖਸ਼ੀ

ਪ੍ਰਕਾਸ਼ਕ ਸੰਪਾਦਕ

ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ

ਰਵਿੰਦਰ ਨੰਦਾ

ਸਹਾਇਕ ਸੰਪਾਦਕ

ਰੀਮਾ ਕਾਮਰਾ

ਸਹਿਯੋਗ

ਸੁਮਨ ਕੁਮਾਰ

ਮੁੱਲ

ਇਕ ਕਾਪੀ : ₹ 20/- ਰੁ:

ਸਾਲਾਨਾ : ₹ 100/- ਰੁ:

ਪੰਜ ਸਾਲਾਂ ਲਈ : ₹ 400/- ਰੁ:



# ਸੰਪਾਦਕੀ

ਸਭ ਤੋਂ ਪਹਿਲਾਂ ਮੈਂ ਨਵੇਂ ਸਾਲ 2015 ਤੇ ਆਪ ਸਭ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਵਰਤਮਾਨ ਵਿੱਚ ਪੱਕੇ ਇਰਾਦੇ ਸਮੇਤ ਭਵਿੱਖ ਦੀਆਂ ਚੁਣੌਤੀਆਂ ਦੇ ਲਈ ਸਦਾ ਤਿਆਰ ਰਹਿਣਾ ਕਿਸੇ ਵੀ ਅਦਾਰੇ ਵੱਲੋਂ ਕੀਤੀ ਗਈ ਤਰੱਕੀ ਦਾ ਵਾਜਬ ਮਾਪਦੰਡ ਮੰਨਿਆ ਜਾਂਦਾ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਆਪਣੇ ਵਜੂਦ ਦੇ ਪਿਛਲੇ ਦਸ ਦਸ਼ਕਾਂ ਵਿੱਚ ਅਨੇਕਾਂ ਪ੍ਰਾਪਤੀਆਂ ਸਮੇਤ ਇਸ ਨੂੰ ਬਾਖ਼ੂਬੀ ਨਿਭਾਇਆ ਹੈ। ਇਹ ਸਾਡੀ ਤਰੱਕੀ ਦਾ ਸੂਚਕ ਹੈ।

ਪਰੀਸ਼ਦ ਨੇ ਪਿਛਲੇ ਸਾਲ ਆਪਣੇ ਖੇਤਰ ਦੇ ਹਰੇਕ ਵਸਨੀਕ ਨੂੰ ਉਸ ਦੀਆਂ ਮੂਲਭੂਤ ਜ਼ਰੂਰਤਾਂ ਦੇ ਅਨੁਸਾਰ ਸੁਵਿਧਾਵਾਂ ਪ੍ਰਦਾਨ ਕਰਨ ਦਾ ਹਰ ਸੰਭਵ ਉੱਦਮ ਕੀਤਾ ਹੈ। ਇੱਥੇ ਵਰਣਨਯੋਗ ਹੈ ਕਿ ਪਰੀਸ਼ਦ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ ਦੇ 'ਸਵੱਛ ਭਾਰਤ ਮਿਸ਼ਨ' ਦੇ ਇਲਾਵਾ ਅਨੇਕਾਂ ਪਰਿਯੋਜਨਾਵਾਂ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਕੂੜੇ ਤੋਂ ਬਿਜਲੀ ਬਨਾਉਣਾ, ਹਰਿਤ ਕੂੜੇ ਦਾ ਵਾਤਾਵਰਣੀ ਪ੍ਰਬੰਧਨ ਕਰਨ ਲਈ ਸੰਯੰਤਰਾਂ ਦੀ ਸਥਾਪਨਾ, ਕਨਾਟ ਪਲੇਸ ਵਿੱਚ ਫ੍ਰੀ ਵਾਈ-ਫਾਈ ਸੇਵਾ ਦੀ ਸ਼ੁਰੂਆਤ, ਜੈਵਿਕ ਕੂੜੇ ਨੂੰ ਉਪਯੋਗੀ ਖਾਦ ਵਿੱਚ ਪਰਿਵਰਤਿਤ ਕਰਨ ਵਾਲੀ ਪ੍ਰਣਾਲੀ ਦੀ ਸ਼ੁਰੂਆਤ, ਝੁੱਗੀ ਝੌਂਪੜੀ ਵਾਸੀਆਂ ਦੇ ਲਈ ਸਿਹਤ ਜਾਂਚ ਕੈਂਪਾਂ ਦਾ ਆਯੋਜਨ, ਬਾਲਿਕਾਵਾਂ ਦੇ ਲਈ ਨੇਤਾਜੀ ਨਗਰ ਵਿੱਚ ਹੋਸਟਲ ਬਨਾਉਣਾ ਮੁੱਖ ਹੈ। ਪਿਛਲੇ ਸਾਲ ਪਰੀਸ਼ਦ ਕਰਮਚਾਰੀਆਂ ਦੇ ਲਈ ਵੀ ਅਨੇਕ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ।

ਮਾਣਯੋਗ ਪ੍ਰਧਾਨ ਮੰਤਰੀ ਵੱਲੋਂ ਮਾਣਯੋਗ ਊਰਜਾ ਮੰਤਰੀ ਦੀ ਮੌਜੂਦਗੀ ਵਿੱਚ ਦੇਸ਼ ਦੇ 100 ਸ਼ਹਿਰਾਂ ਵਿੱਚ Domestic Efficient Lighting Programme (DELP) ਯੋਜਨਾ ਦੀ 5 ਜਨਵਰੀ, 2015 ਨੂੰ ਸ਼ੁਰੂਆਤ ਕੀਤੀ ਗਈ। ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਕਿਸੇ ਵੀ ਮੌਕੇ ਜਾਂ ਉਤਸਵ ਤੇ ਐੱਲ.ਈ.ਡੀ. ਪ੍ਰਕਾਸ਼ ਬਲਬ ਭੇਂਟ ਸਰੂਪ ਦੇਣ ਦੇ ਲਈ ਸਭ ਨੂੰ ਪ੍ਰੇਰਿਤ ਕੀਤਾ। ਇਸ ਸਾਲ ਪਰੀਸ਼ਦ ਹੋਲੀ ਦੇ ਸ਼ੁਭ ਮੌਕੇ ਤੇ 'ਮਿਸ਼ਨ ਪਾਲਿਕਾ ਨਵਜੋਤੀ' ਦੇ ਅੰਤਰਗਤ ਆਪਣੇ ਸਾਰੇ ਪੱਕੇ, ਅਸਥਾਈ (ਆਰ.ਐੱਮ.ਆਰ/ਟੀ.ਐੱਮ. ਆਰ.) ਅਤੇ ਕਰਾਰ ਵਾਲੇ ਕਰਮਚਾਰੀਆਂ ਨੂੰ ਐੱਲ.ਈ.ਡੀ. ਬਲਬਾਂ ਦੀ ਵੰਡ ਕਰਕੇ ਜਿੱਥੇ ਉਨ੍ਹਾਂ ਦੇ ਘਰਾਂ ਵਿੱਚ ਪ੍ਰਕਾਸ਼ ਕੀਤਾ ਜਾਵੇਗਾ, ਉੱਥੇ ਐੱਲ.ਈ..ਡੀ. ਬਲਬਾਂ ਦੀ ਵਰਤੋਂ ਨਾਲ ਘਰੇਲੂ ਖ਼ਰਚ ਵਿੱਚ ਬੱਚਤ ਦੇ ਨਾਲ-ਨਾਲ ਰਾਸ਼ਟਰੀ ਊਰਜਾ ਦੀ ਵੀ ਬੱਚਤ ਹੋਵੇਗੀ।

ਸਾਡਾ ਸਭ ਦਾ ਫ਼ਰਜ਼ ਹੈ ਕਿ ਪੂਰੀ ਨਿਸ਼ਠਾ, ਕੜੀ ਮਿਹਨਤ ਅਤੇ ਆਪਸੀ ਸਹਿਯੋਗ ਨਾਲ ਆਪਣੇ ਰਾਸ਼ਟਰ ਦੇ ਵਿਕਾਸ ਵਿੱਚ ਭਰਪੂਰ ਯੋਗਦਾਨ ਦੇਈਏ। ਪਰੀਸ਼ਦ ਆਪਣੇ ਖੇਤਰ ਦੇ ਸਾਰੇ ਵਸਨੀਕਾਂ ਨੂੰ ਵਿਸ਼ਵ ਪੱਧਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਦਾ ਵਚਨਬੱਧ ਰਹੀ ਹੈ। ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਪਰੀਸ਼ਦ ਆਪਣੀਆਂ ਸ਼੍ਰੇਸ਼ਠ ਪੱਧਰ ਦੀਆਂ ਸੇਵਾਵਾਂ ਪ੍ਰਦਾਨ ਕਰਕੇ ਆਦਰਸ਼ ਸਥਾਪਤ ਕਰੇਗੀ।

ਮੁੱਖ ਸੰਪਾਦਕ

## ਇਸ ਅੰਕ ਵਿੱਚ


| | | |
|---|---|---|
| ਪਰੀਸ਼ਦ ਗਤੀਵਿਧੀਆਂ | 4–11 | — |
| ਪੰਜਾਬੀ ਭਾਸ਼ਾ ਪੜ੍ਹਨ ਦੇ ਲਾਭ (ਲੇਖ) | 12 | ਪ੍ਰਕਾਸ਼ ਸਿੰਘ ਗਿੱਲ |
| ਮਾਂ-ਬੋਲੀ ਬਾਰੇ ਕਵਿਤਾਵਾਂ (ਲੇਖ) | 15 | ਪ੍ਰੋ. ਨਵ ਸੰਗੀਤ ਸਿੰਘ |
| ਦੋ ਗ਼ਜ਼ਲਾਂ | 16 | ਸੁਬੇਗ ਸੱਧਰ |
| ਚਾਬੀਆਂ ਦਾ ਗੁੱਛਾ (ਕਹਾਣੀ) | 17 | ਦਲੀਪ ਸਿੰਘ ਵਾਸਨ |
| ਤਾਸ਼ ਦੀ ਬਾਜ਼ੀ (ਬਾਲ ਕਹਾਣੀ) | 19 | ਬਲਜਿੰਦਰ ਮਾਨ |
| ਵਾਹ ਵਿਗਿਆਨ ! ਵਾਹ ਵਿਗਿਆਨ ! (ਬਾਲ ਕਵਿਤਾ) | 20 | ਹਰਪਾਲ ਸਨੇਹੀ ਘੱਗਾ |
| 'ਆਸਰਾ' ਤੇ 'ਤੂੰ ਕੀ ਲੈਣੈਂ...' (ਦੋ ਮਿੰਨੀ ਕਹਾਣੀਆਂ) | 21 | ਜਗੀਰ ਸੱਧਰ |
| ਉਹ ਕੁੜੀ (ਕਹਾਣੀ) | 22 | ਬਲਵੰਤ ਸਿੰਘ ਸਨੇਹੀ |
| ਸਰਦੀ ਆਈ (ਬਾਲ ਕਵਿਤਾ) | 24 | ਪ੍ਰੋ. ਸੁਲੱਖਣ ਮੀਤ |
| ਸਰਦੀ ਆਈ (ਬਾਲ ਗੀਤ) | 24 | ਭੁਪਿੰਦਰ ਸਿੰਘ ਆਸ਼ਟ |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ,
ਪਾਲਿਕਾ ਕੇਂਦਰ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈੱਬਸਾਈਟ : www.ndmc.gov.in



# ਪਿਆਰੇ ਮਿੱਤਰੋ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪਰਿਜਨੋ !

ਮਾਣਯੋਗ ਪ੍ਰਧਾਨ ਮੰਤਰੀ ਜੀ ਦੇ ਸੱਦੇ ਅਤੇ ਦਿਸ਼ਾ-ਨਿਰਦੇਸ਼ਨ ਅਨੁਸਾਰ, ਸਾਡੇ ਦੇਸ਼ ਦੇ 100 ਸ਼ਹਿਰਾਂ ਵਿੱਚ ਡੀ.ਈ.ਐੱਲ.ਪੀ. ਯੋਜਨਾ ਦੀ ਸ਼ੁਰੂਆਤ 5 ਜਨਵਰੀ, 2015 ਨੂੰ ਮਾਣਯੋਗ ਊਰਜਾ ਮੰਤਰੀ ਦੀ ਮੌਜੂਦਗੀ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ ਕਰਕਮਲਾਂ ਦੁਆਰਾ ਕੀਤੀ ਗਈ।

ਇਸ ਯੋਜਨਾ ਦੇ ਅੰਤਰਗਤ ਸਾਰੇ ਘਰਾਂ ਵਿੱਚ ਪਰੰਪਰਾਗਤ ਟਿਊਬ ਲਾਈਟ, ਬਲਬ ਅਤੇ ਸੀ.ਐੱਫ.ਐੱਲ. ਦੀ ਥਾਂ ਤੇ ਅਤਿ-ਆਧੁਨਿਕ ਐੱਲ.ਈ.ਡੀ. ਬਲਬ ਲਗਾਏ ਜਾਣਗੇ, ਜਿਨ੍ਹਾਂ ਦੀ ਨਾ ਕੇਵਲ ਅਵਧੀ 15 ਸਾਲ ਤੱਕ ਹੋਵੇਗੀ, ਬਲਕਿ 40 ਜਾਂ 60 ਵਾਟ ਦੇ ਬਲਬ ਦੀ ਥਾਂ ਮਾਤਰ 7 ਵਾਟ ਦੀ ਬਿਜਲੀ ਖ਼ਰਚ ਹੋਵੇਗੀ। ਇਨ੍ਹਾਂ ਦੀ ਵਰਤੋਂ ਨਾਲ ਉਪਭੋਗਤਾਵਾਂ ਨੂੰ, ਅਤੇ ਦੇਸ਼ ਨੂੰ, ਊਰਜਾ ਦੀ ਬੱਚਤ ਕਰਨ ਵਿੱਚ ਭਾਰੀ ਮਦਦ ਮਿਲੇਗੀ।

ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਕਿਸੇ ਹੋਰ ਤਰ੍ਹਾਂ ਦੀ ਸੁਗਾਤ ਦੀ ਥਾਂ ਤੇ ਐੱਲ.ਈ.ਡੀ. ਪ੍ਰਕਾਸ਼ ਬਲਬਾਂ ਦੇ ਸੁਗਾਤ ਸਰੂਪ ਦੇਣ ਦੀ ਤਰਫ਼ ਸਾਨੂੰ ਪ੍ਰੇਰਿਤ ਕੀਤਾ। ਇਹ ਫ਼ੈਸਲਾ ਲਿਆ ਗਿਆ ਹੈ ਕਿ ਇਸ ਸਾਲ ਹੋਲੀ ਦੇ ਮੌਕੇ ਤੇ ਮਠਿਆਈ ਵੰਡਣ ਦੀ ਥਾਂ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਸਭ ਕਰਮਚਾਰੀਆਂ ਨੂੰ ਓਨੀ ਹੀ ਰਕਮ ਦੇ ਐੱਲ.ਈ.ਡੀ. ਪ੍ਰਕਾਸ਼ ਬਲਬਾਂ ਦੀ ਵੰਡ ਹੋਵੇ। ਇਸ ਨਾਲ ਨਾ ਕੇਵਲ ਇਕ ਸਮੇਂ ਦੇ ਜਾਂ ਇਕ ਦਿਨ ਦੇ ਲਈ ਆਪਣੇ ਸੁਆਦ ਅਤੇ ਸਰੀਰ ਦੇ ਸੁੱਖ ਦੀ ਥਾਂ ਤੇ, ਅਸੀਂ ਸਭ ਪਰਿਵਾਰ ਸਮੇਤ 15 ਵਰ੍ਹਿਆਂ ਤੱਕ ਆਪਣੇ ਘਰਾਂ ਵਿੱਚ ਪ੍ਰਕਾਸ਼ ਰੱਖ ਸਕਾਂਗੇ ਅਤੇ ਆਪਣੇ ਘਰੇਲੂ ਖ਼ਰਚ ਵਿੱਚ ਬੱਚਤ ਦੇ ਨਾਲ-ਨਾਲ ਰਾਸ਼ਟਰੀ ਊਰਜਾ ਬੱਚਤ ਵਿੱਚ ਆਪਣਾ ਸਹਿਯੋਗ ਦੇਣ ਦੇ ਭਾਗੀਦਾਰ ਬਣਾਂਗੇ।

ਪਿਛਲੇ ਵਰ੍ਹੇ ਹੋਲੀ ਵਿੱਚ ਸਾਰੇ ਪੱਕੇ, ਆਰ.ਐੱਮ.ਆਰ./ਟੀ.ਐੱਮ.ਆਰ. ਅਤੇ ਕਰਾਰ ਵਾਲੇ ਕਰਮਚਾਰੀਆਂ ਨੂੰ ਮਠਿਆਈ ਵੰਡਣ ਵਿੱਚ 94 ਲੱਖ ਰੁਪਏ ਦੀ ਰਕਮ ਖ਼ਰਚ ਹੋਈ ਸੀ। ਅਸੀਂ ਇੰਨੀ ਰਕਮ ਦੇ ਐੱਲ.ਈ.ਡੀ. ਪ੍ਰਕਾਸ਼ ਬਲਬਾਂ ਦਾ ਪ੍ਰਬੰਧ ਕੀਤਾ ਹੈ ਜਿਸ ਨਾਲ ਹੋਲੀ ਤੋਂ ਪਹਿਲੇ ਹੀ ਆਪ ਸਭ ਆਪਣੇ ਘਰਾਂ ਵਿੱਚ ਪ੍ਰਕਾਸ਼ ਦੀਆਂ ਕਿਰਣਾਂ ਦੇ ਨਾਲ ਊਰਜਾ, ਜੋਤੀ ਅਤੇ ਅਮੀਰੀ ਦਾ ਅਨੁਭਵ ਕਰੋਗੇ।

ਸਾਡੀ ਇਸ ਪਹਿਲ ਨੂੰ, ਜੋ ਦੇਸ਼ ਵਿੱਚ ਇਸ ਪੱਧਰ ਦਾ ਪਹਿਲਾ ਉੱਦਮ ਹੋਵੇਗਾ, ਅਸੀਂ "ਮਿਸ਼ਨ ਪਾਲਿਕਾ ਨਵਜੋਤੀ" ਦਾ ਨਾਂਅ ਦਿੱਤਾ ਹੈ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੀ ਊਰਜਾ ਬੱਚਤ ਅਤੇ ਪ੍ਰਕਾਸ਼ਮਈ ਰਹਿਣ ਦੀ ਪਹਿਲ ਵਿੱਚ ਆਪ ਸਭ ਦਾ ਅਪੂਰਵ ਸਹਿਯੋਗ ਹੋਵੇਗਾ, ਜਿਸ ਨਾਲ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਹਮੇਸ਼ਾਂ ਦੀ ਤਰ੍ਹਾਂ ਰਾਸ਼ਟਰ ਨਿਰਮਾਣ ਵਿੱਚ ਮੋਹਰੀ ਰਹੇਗੀ।

• ਜਲਜ ਸ਼੍ਰੀਵਾਸਤਵ

# ਪਰੀਸ਼ਦ ਗਤੀਵਿਧੀਆਂ





**ਕਨਾਟ ਪਲੇਸ ਵਿੱਚ ਫ਼੍ਰੀ ਵਾਈ-ਫਾਈ ਸੇਵਾ ਦੀ ਸ਼ੁਰੂਆਤ ਕੀਤੀ :-** ਨਵੀਂ ਦਿੱਲੀ ਦੀ ਐੱਮ.ਪੀ. ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 16 ਨਵੰਬਰ, 2014 ਨੂੰ ਕਨਾਟ ਪਲੇਸ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਫ਼੍ਰੀ ਵਾਈ-ਫਾਈ ਸੇਵਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਤੇ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਦੇ ਸਕੱਤਰ ਡਾ. ਸ਼ੰਕਰ ਅਗਰਵਾਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ਼੍ਰੀ ਜਲਜ ਸ਼੍ਰੀਵਾਸਤਵ, ਮੀਤ ਪ੍ਰਧਾਨ ਸ਼੍ਰੀ ਕਰਨ ਸਿੰਘ ਤੰਵਰ ਅਤੇ ਸੀਨੀਅਰ ਅਧਿਕਾਰੀ ਮੌਜੂਦ ਸਨ।

ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਇਸ ਉੱਦਮ ਦੀ ਵਡਿਆਈ ਕਰਦੇ ਹੋਏ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਵੱਲੋਂ 'ਡਿਜੀਟਲ ਭਾਰਤ' ਦੀ ਦਿਸ਼ਾ ਵਿੱਚ ਇਹ ਇਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਵਾਈ-ਫਾਈ ਸੰਯੋਜਕ ਨਾਲ ਲੋਕ ਆਪਸ ਵਿੱਚ ਜੁੜਨਗੇ ਅਤੇ ਇਸ ਨਾਲ ਜਨਤਾ ਸੂਚਨਾ ਤੋਂ ਹੋਰ ਤਾਕਤਵਰ ਹੋਵੇਗੀ। ਉਨ੍ਹਾਂ ਨੇ ਇਹ ਵੀ ਇੱਛਾ ਪ੍ਰਗਟ ਕੀਤੀ ਕਿ ਕਨਾਟ ਪਲੇਸ ਤੋਂ ਲੈ ਕੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ ਤੱਕ ਵਾਈ-ਫਾਈ ਸੰਯੋਜਕ ਹੋਣੀ ਚਾਹੀਦੀ ਹੈ।

ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ਼੍ਰੀ ਜਲਜ ਸ਼੍ਰੀਵਾਸਤਵ ਨੇ ਇਸ ਮੌਕੇ ਤੇ ਕਿਹਾ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਭਾਰਤ ਵਿੱਚ ਪਹਿਲੀ ਅਜਿਹੀ ਨਗਰ ਪਾਲਿਕਾ ਹੋ ਗਈ ਹੈ, ਜਿੱਥੇ ਵਾਈ-ਫਾਈ ਜ਼ੋਨ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਇੱਥੋਂ ਦੇ ਵਸਨੀਕ ਅਤੇ ਮਹਿਮਾਨ ਸੰਯੋਜਕ ਅਤੇ ਸੂਚਨਾ ਤੋਂ ਫ਼ਾਇਦਾ ਚੁੱਕ ਸਕਣਗੇ।

ਕੇਂਦਰੀ ਸ਼ਹਿਰੀ ਵਿਕਾਸ ਸਕੱਤਰ ਡਾ. ਸ਼ੰਕਰ ਅਗਰਵਾਲ ਨੇ ਕਿਹਾ ਕਿ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ 'ਸਮਾਰਟ ਸਿਟੀ ਵਿਜ਼ਨ' ਦੇ ਅੰਤਰਗਤ 100 ਸ਼ਹਿਰਾਂ ਨੂੰ 'ਸਮਾਰਟ ਸਿਟੀ' ਦੇ ਰੂਪ ਵਿੱਚ ਵਿਕਸਤ ਕੀਤੇ ਜਾਣ ਦਾ ਉਦੇਸ਼ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਲਿਕਾ ਪਰੀਸ਼ਦ ਵੱਲੋਂ ਚੁੱਕਿਆ ਗਿਆ ਇਹ ਕਦਮ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ ਸਮਾਰਟ ਸਿਟੀ ਵਿਜ਼ਨ ਦੇ ਅੰਤਰਗਤ ਚੁੱਕਿਆ ਗਿਆ ਇਕ ਮਹੱਤਵਪੂਰਣ ਕਦਮ ਹੈ।

ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਮੀਤ ਪ੍ਰਧਾਨ ਸ਼੍ਰੀ ਕਰਨ ਸਿੰਘ ਤੰਵਰ ਨੇ ਪਾਲਿਕਾ ਪਰੀਸ਼ਦ ਦੇ ਇਸ ਉੱਦਮ ਦੀ ਵਡਿਆਈ ਕੀਤੀ ਅਤੇ ਕਿਹਾ ਕਿ ਇਸ ਨਾਲ ਜਨਤਾ ਨੂੰ ਫ਼ਾਇਦਾ ਮਿਲੇਗਾ। ਇਹ ਸਾਰਵਜਨਿਕ ਵਾਈ-ਫਾਈ ਸੁਵਿਧਾ ਪਾਲਿਕਾ ਪਰੀਸ਼ਦ ਵਿੱਚ ਹੁਣ ਤੱਕ ਦੂਜੀ ਹੈ। ਇਸ ਤੋਂ ਪਹਿਲਾਂ ਇਸ ਸਾਲ ਜੁਲਾਈ 2014 ਵਿੱਚ ਖ਼ਾਨ ਮਾਰਕੀਟ ਵਿੱਚ ਪਾਲਿਕਾ ਪਰੀਸ਼ਦ ਵੱਲੋਂ ਵਾਈ-ਫਾਈ ਸੇਵਾ ਦੀ ਸਭ ਤੋਂ ਪਹਿਲੇ ਸ਼ੁਰੂਆਤ ਕੀਤੀ ਜਾ ਚੁੱਕੀ ਹੈ।

ਇਸ ਸੇਵਾ ਨੂੰ ਉਪਲਬਧ ਕਰਾਉਣ ਵਾਲੀ ਕੰਪਨੀ ਟਾਟਾ ਡੋਕੋਮੋ ਕੰਪਨੀ ਦੇ ਪ੍ਰਬੰਧ ਨਿਦੇਸ਼ਕ ਸ਼੍ਰੀ ਐੱਨ. ਸ਼੍ਰੀਨਾਥ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਹਿਯੋਗ ਦਾ ਧੰਨਵਾਦ ਦਿੰਦੇ ਹੋਏ ਕਿਹਾ ਕਿ ਦਿੱਲੀ ਦੇ ਸਭ ਤੋਂ ਭੀੜ-ਭਾੜ ਵਾਲੇ ਅਤੇ ਆਦਰ ਪ੍ਰਾਪਤ ਬਜ਼ਾਰ ਕਨਾਟ ਪਲੇਸ ਵਿੱਚ ਇਸ ਸੁਵਿਧਾ ਨੂੰ ਲਾਗੂ ਕਰਨ ਦਾ ਮੌਕਾ ਦਿੱਤਾ।

—o—

# ਪਰੀਸ਼ਦ ਗਤੀਵਿਧੀਆਂ







**ਝੁੱਗੀ-ਝੌਂਪੜੀ ਵਿੱਚ ਰਹਿਣ ਵਾਲਿਆਂ ਦੇ ਲਈ ਵਿਸ਼ੇਸ਼ ਸਿਹਤ ਜਾਂਚ ਕੈਂਪ :**-ਨਵੀਂ ਦਿੱਲੀ ਦੀ ਐਮ.ਪੀ. ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਮੈਂਬਰ, ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 22 ਨਵੰਬਰ, 2014 ਨੂੰ ਝੁੱਗੀ-ਝੌਂਪੜੀ ਸਮੂਹ ਰੇਸ ਕੋਰਸ, ਜੇ.ਜੇ. ਕਲੱਸਟਰ, ਭੈਈਆ ਰਾਮ ਕੈਂਪ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਆਯੋਜਿਤ ਇਕ ਵਿਸ਼ੇਸ਼ ਜਾਂਚ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ ਸ਼੍ਰੀਮਤੀ ਸ਼ਕੁੰਤਲਾ ਡੀ. ਗੈਮਲੀਨ, ਪਾਲਿਕਾ ਪਰੀਸ਼ਦ ਮੈਂਬਰ ਸ੍ਰੀ ਬੀ.ਐਸ. ਭਾਟੀ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਹੋਰ ਸੀਨੀਅਰ ਅਧਿਕਾਰੀਗਣ ਵੀ ਮੌਜੂਦ ਸਨ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਿਹਤ ਸੇਵਾ ਵਿਭਾਗ ਵੱਲੋਂ ਡਾਕਟਰਾਂ ਦੀ ਇਕ ਟੀਮ ਅਤੇ ਹੋਰ ਪਰਾ-ਚਿਕਿਤਸਾ ਸਟਾਫ਼ ਨੂੰ ਕੈਂਪ ਵਿੱਚ ਤੈਨਾਤ ਕੀਤਾ ਗਿਆ। ਕੈਂਪ ਵਿੱਚ ਮਹਿਮਾਨਾਂ ਦੇ ਦੰਦਾਂ ਦੀ ਜਾਂਚ, ਅੱਖਾਂ ਦੀ ਜਾਂਚ, ਨੱਕ ਕੰਨ ਗਲਾ ਜਾਂਚ, 5 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੇ ਟੀਕਾਕਰਨ ਦੀ ਸਥਿਤੀ, ਲੈਬ ਜਾਂਚ ਹੀਮੋਗਲੋਬਨ, ਬਲੱਡ ਸ਼ੂਗਰ ਅਤੇ ਪੌਸ਼ਟਿਕਤਾ ਦੀ ਸਥਿਤੀ, ਇਸ ਕੈਂਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ। ਜੇ.ਜੇ. ਕਲੱਸਟਰ ਵਿੱਚ ਰਹਿਣ ਵਾਲੇ ਸਾਰੇ ਵਸਨੀਕਾਂ ਦੇ ਜੀਵਨ ਜਿਉਣ ਦੀਆਂ ਸਥਿਤੀਆਂ ਦੇ ਸੁਧਾਰ ਦੇ ਲਈ ਕਦਮ ਚੁੱਕੇ ਗਏ ਹਨ, ਜਿਸ ਦੇ ਨਾਲ-ਨਾਲ ਨਵੀਆਂ ਤਕਨੀਕਾਂ ਦੀ ਵਰਤੋਂ ਵੀ ਸ਼ਾਮਲ ਹੈ, ਇਸ ਵਿੱਚ ਰੱਖਿਆ ਅਨੁਸੰਧਾਨ ਅਤੇ ਵਿਕਾਸ ਸੰਗਠਨ (DRDO) ਵੱਲੋਂ ਵਿਕਸਿਤ ਜੈਵਿਕ ਪਖਾਨਿਆਂ ਦੀ ਸਥਾਪਨਾ ਵੀ ਸ਼ਾਮਲ ਹੈ। ਇਸ ਤੋਂ ਪਹਿਲੇ ਵੀ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਅਜਿਹੇ 6 ਸਿਹਤ ਜਾਂਚ ਕੈਂਪਾਂ ਦਾ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਜੇ.ਜੇ. ਕਲੱਸਟਰਾਂ ਵਿੱਚ ਆਯੋਜਨ ਕੀਤਾ ਸੀ।

—o—

# ਪਰੀਸ਼ਦ ਗਤੀਵਿਧੀਆਂ







**ਵਿਗਿਆਨ ਮੇਲੇ ਦਾ ਉਦਘਾਟਨ :**–ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਕੱਤਰ ਸ੍ਰੀ ਨਿਖਿਲ ਕੁਮਾਰ ਨੇ 17 ਦਸੰਬਰ, 2014 ਨੂੰ ਨਗਰ ਪਾਲਿਕਾ ਬੰਗਾਲੀ ਕੰਨਿਆ ਉੱਚਤਰ ਮਾਧਮਿਕ ਸਕੂਲ, ਗੋਲ ਮਾਰਕੀਟ ਵਿੱਚ ਆਯੋਜਿਤ ਪਾਲਿਕਾ ਪਰੀਸ਼ਦ ਸਕੂਲਾਂ ਦੇ ਤਿੰਨ-ਰੋਜ਼ਾ ਵਿਗਿਆਨ ਮੇਲੇ ਦਾ ਉਦਘਾਟਨ ਕੀਤਾ।

ਇਸ ਸਾਲ ਵਿਗਿਆਨ ਮੇਲੇ ਦਾ ਵਿਸ਼ੇ ‘ਵਿਸ਼ਵ ਵਿੱਚ ਮਹਿਲਾ ਵਿਗਿਆਨਕ’ ਰੱਖਿਆ ਗਿਆ ਹੈ। ਇਸ ਵਿੱਚ ਲਗਾਈ ਗਈ ਪ੍ਰਦਰਸ਼ਨੀ ਦੇ ਅੰਤਰਗਤ 238 ਤੋਂ ਜ਼ਿਆਦਾ ਮਾਡਲ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਵਿੱਚੋਂ ਵਿਗਿਆਨ ਦੇ 72, ਕਾਰਜ-ਅਨੁਭਵ ਦੇ 21, ਨਰਸਰੀ ਪ੍ਰਦਰਸ਼ਨੀ ਵਿੱਚ 100 ਅਤੇ ਹਿਸਾਬ ਮਾਡਲ ਦੇ 45 ਮਾਡਲ ਲਗਾਏ ਗਏ ਹਨ। ਇਸ ਪ੍ਰਦਰਸ਼ਨੀ ਦੇ ਮਾਧਿਅਮ ਨਾਲ ਇੱਥੇ ਵਿਦਿਆਰਥੀਆਂ ਨੂੰ ਆਪਣੀ ਵਿਗਿਆਨਕ ਪ੍ਰਤਿਭਾ ਨੂੰ ਕੁਦਰਤੀ ਸਿਰਜਨਾਤਮਕਤਾ ਦੇ ਨਾਲ ਪ੍ਰਦਰਸ਼ਿਤ ਕਰਨ ਦਾ ਮੰਚ ਉਪਲਬਧ ਹੁੰਦਾ ਹੈ।

ਪਾਲਿਕਾ ਸਕੱਤਰ ਸ੍ਰੀ ਨਿਖਿਲ ਕੁਮਾਰ ਨੇ ਇਸ ਮੌਕੇ ਤੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਪ੍ਰਦਰਸ਼ਿਤ ਵਿਵਿਧ ਵਿਸ਼ਿਆਂ ਦੇ ਮਾਡਲ ਅਤੇ ਪ੍ਰੋਜੈਕਟ ਨੂੰ ਤਿਆਰ ਕਰਨ ਵਿੱਚ ਬੱਚਿਆਂ ਵੱਲੋਂ ਵਿਖਾਈ ਗਈ ਪ੍ਰਤਿਭਾ ਅਤੇ ਉਤਸ਼ਾਹ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਵਿਗਿਆਨ ਮੇਲਾ ਨਾ ਕੇਵਲ ਵਿਗਿਆਨਕ ਕੌਸ਼ਲ ਨੂੰ ਵਿਕਸਤ ਕਰਦਾ ਹੈ ਬਲਕਿ ਬੱਚਿਆਂ ਨੂੰ ਨਵੇਂ-ਨਵੇਂ ਵਿਚਾਰਾਂ, ਤਕਨੀਕਾਂ ਦੇ ਸੰਬੰਧ ਆਪਸੀ ਵਿਚਾਰ-ਵਟਾਂਦਰੇ ਦਾ ਵੀ ਮੌਕਾ ਦਿੰਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬੱਚੇ ਅਤੇ ਅਧਿਆਪਕ ਮਿਲ ਕੇ ਸਮਾਜ ਵਿੱਚ ਵਿਗਿਆਨਕ ਸੋਚ ਦਾ ਵਿਕਾਸ ਕਰਨ ਜਿਸ ਨਾਲ ਸਮਾਜ ਦੀਆਂ ਬੁਰਾਈਆਂ ਨੂੰ ਵਿਗਿਆਨਕ ਸੋਚ ਦੇ ਨਾਲ ਦੂਰ ਕੀਤਾ ਜਾ ਸਕੇ।

ਇਸ ਪ੍ਰਦਰਸ਼ਨੀ ਵਿੱਚ ਨਗਰ ਪਾਲਿਕਾ ਪਰੀਸ਼ਦ ਦੇ 60 ਸਕੂਲਾਂ ਦੇ ਲਗਭਗ 600 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਜਿਸ ਵਿੱਚ ਨਵਯੁਗ ਸਕੂਲ ਅਤੇ ਅਨੁਦਾਨ ਪ੍ਰਾਪਤ ਸਕੂਲਾਂ ਦੇ ਵਿਦਿਆਰਥੀ ਵੀ ਸ਼ਾਮਲ ਸਨ। ਇਸ ਪ੍ਰਦਰਸ਼ਨੀ ਵਿੱਚ ਬੱਚਿਆਂ ਦੀ ਪ੍ਰਤਿਭਾ ਦਾ ਪ੍ਰਦਰਸ਼ਨ ਮਾਡਲ, ਚਾਰਟ ਅਤੇ ਪ੍ਰੋਜੈਕਟ ਆਦਿ ਦੇ ਮਾਧਿਅਮ ਨਾਲ ਕੀਤਾ ਗਿਆ ਹੈ। ਇਹ ਵਿਗਿਆਨ ਮੇਲਾ ਆਮ ਜਨਤਾ ਅਤੇ ਸਕੂਲਾਂ ਦੇ ਬੱਚਿਆਂ ਦੇ ਲਈ 18 ਅਤੇ 19 ਦਸੰਬਰ, 2014 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਖੁੱਲ੍ਹਿਆ ਰਿਹਾ। ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੀ ਸਿੱਖਿਆ ਨਿਦੇਸ਼ਕ, ਸ੍ਰੀਮਤੀ ਵਿਦੂਸ਼ੀ ਚਤੁਰਵੇਦੀ, ਪਾਲਿਕਾ ਪਰੀਸ਼ਦ ਦੇ ਹੋਰ ਸੀਨੀਅਰ ਅਧਿਕਾਰੀ ਅਤੇ ਨਗਰ ਪਾਲਿਕਾ ਸਕੂਲਾਂ ਅਤੇ ਨਵਯੁਗ ਸਕੂਲਾਂ ਦੇ ਅਧਿਆਪਕ ਅਤੇ ਵਿਦਿਆਰਥੀ ਵੀ ਮੌਜੂਦ ਸਨ।

19 ਦਸੰਬਰ, 2014 ਨੂੰ ਪਰੀਸ਼ਦ ਸਕੱਤਰ ਨੇ ਇਸ ਮੇਲੇ ਵਿੱਚ ਸਰਬ-ਸ੍ਰੇਸ਼ਠ 60 ਪ੍ਰਤਿਯੋਗੀ ਵਿਦਿਆਰਥੀਆਂ ਨੂੰ ਪੁਰਸਕ੍ਰਿਤ ਕੀਤਾ।

—o—

# ਪਰੀਸ਼ਦ ਗਤੀਵਿਧੀਆਂ








**ਪਾਲਿਕਾ ਬਾਲਿਕਾ ਹੋਸਟਲ ਦਾ ਉਦਘਾਟਨ :**–ਮਾਣਯੋਗ ਕੇਂਦਰੀ ਮਹਿਲਾ ਅਤੇ ਬਾਲ ਕਲਿਆਣ ਮੰਤਰੀ ਸ੍ਰੀਮਤੀ ਮੇਨਕਾ ਗਾਂਧੀ ਨੇ 18 ਦਸੰਬਰ, 2014 ਨੂੰ ਨੇਤਾਜੀ ਨਗਰ ਸਥਿਤ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮਹਿਲਾ ਤਕਨੀਕੀ ਸੰਸਥਾਨ ਵਿੱਚ 'ਪਾਲਿਕਾ ਬਾਲਿਕਾ ਹੋਸਟਲ' ਦਾ ਉਦਘਾਟਨ ਕੀਤਾ।

ਨਵੀਂ ਦਿੱਲੀ ਦੀ ਐੱਮ.ਪੀ. ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਮੈਂਬਰ ਸ੍ਰੀਮਤੀ ਮੀਨਕਾਸ਼ੀ ਲੇਖੀ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ, ਮੀਤ ਪ੍ਰਧਾਨ ਸ੍ਰੀ ਕਰਨ ਸਿੰਘ ਤੰਵਰ ਅਤੇ ਸਕੱਤਰ ਸ੍ਰੀ ਨਿਖਿਲ ਕੁਮਾਰ ਵੀ ਹੋਰ ਸੀਨੀਅਰ ਅਧਿਕਾਰੀਆਂ, ਵਿਦਿਆਰਥੀਆਂ ਦੇ ਨਾਲ ਮੌਜੂਦ ਸਨ।

ਇਸ ਪਾਲਿਕਾ ਬਾਲਿਕਾ ਹੋਸਟਲ ਨੂੰ ਮਹਿਲਾ ਤਕਨੀਕੀ ਸੰਸਥਾਨ ਦੀ ਵਰਤਮਾਨ ਇਮਾਰਤ ਵਿੱਚ ਹੀ ਲਗਭਗ 50 ਲੱਖ ਰੁਪਏ ਦੀ ਲਾਗਤ ਨਾਲ ਉੱਨਤ ਕਰਕੇ ਬਣਾਇਆ ਗਿਆ ਹੈ। ਇਸ ਹੋਸਟਲ ਨੂੰ ਤਿੰਨ ਕਮਰੇ ਅਤੇ ਇਕ ਰਸੋਈਘਰ ਦੇ ਨਾਲ ਬਣਾਇਆ ਗਿਆ ਹੈ। ਇਹ ਹੋਸਟਲ ਸਮੂਹਿਕ ਸੌਣ ਦਾ ਕਮਰਾ (ਡੋਰਮੈਟ੍ਰੀ) ਸ਼ੈਲੀ ਵਿੱਚ ਵਿਕਸਿਤ ਕੀਤਾ ਗਿਆ ਹੈ। ਇਸ ਹੋਸਟਲ ਵਿੱਚ 50 ਬਿਸਤਰਿਆਂ ਦੀ ਸ਼ਮਤਾ ਰੱਖੀ ਗਈ ਹੈ। ਇਸ ਦੇ ਨਾਲ ਹੀ ਇੱਥੇ ਸਭ ਤਰ੍ਹਾਂ ਦੀਆਂ ਮੂਲਭੂਤ ਸੁਵਿਧਾਵਾਂ ਵੀ ਉਪਲਬਧ ਕਰਾਈਆਂ ਗਈਆਂ ਹਨ।

ਇਸ ਮੌਕੇ ਤੇ ਸ੍ਰੀਮਤੀ ਮੇਨਕਾ ਸੰਜੇ ਗਾਂਧੀ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਇਸ ਦੂਰਦਰਸ਼ੀ ਉੱਦਮ ਦੀ ਵਡਿਆਈ ਕੀਤੀ। ਉਨ੍ਹਾਂ ਨੇ ਕਿਹਾ ਕਿ ਉਹ ਜਲਦੀ ਹੀ ਔਰਤਾਂ ਦੇ ਲਈ ਇਕ ਟੈਕਸੀ ਅਤੇ ਆਟੋ ਡਰਾਇਵਰ ਸੇਵਾ ਵੀ ਸ਼ੁਰੂ ਕਰਨ ਵਾਲੀ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਅਜਿਹੀਆਂ ਮਹਿਲਾ ਡਰਾਇਵਰਾਂ ਨੂੰ ਇਸ ਮਹਿਲਾ ਤਕਨੀਕੀ ਸੰਸਥਾਨ, ਨੇਤਾਜੀ ਨਗਰ ਵਿੱਚ ਟ੍ਰੇਨਿੰਗ ਦੇਣ ਦੇ ਲਈ ਤਸੱਲੀ ਦਿੱਤੀ ਹੈ। ਸ੍ਰੀਮਤੀ ਮੀਨਾਕਸ਼ੀ ਲੇਖੀ ਨੇ ਇਸ ਮੌਕੇ ਤੇ ਕਿਹਾ ਕਿ ਪਾਲਿਕਾ ਪਰੀਸ਼ਦ ਵਰਗੇ ਸਰਕਾਰੀ ਸੰਸਥਾਨ ਜ਼ਰੂਰਤਮੰਦ ਕੁੜੀਆਂ ਨੂੰ ਸਨਮਾਨਤ ਅਤੇ ਸੁਰੱਖਿਅਤ ਸਰਪ੍ਰਸਤੀ ਦੇਣ ਦੇ ਲਈ ਅੱਗੇ ਆ ਰਹੇ ਹਨ, ਇਹ ਇਕ ਚੰਗਾ ਉੱਦਮ ਹੈ।

ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਦੱਸਿਆ ਕਿ ਜੋ ਕੁੜੀਆਂ ਪਾਲਿਕਾ ਪਰੀਸ਼ਦ ਖੇਤਰ ਜਾਂ ਦਿੱਲੀ ਦੇ ਕਿਸੇ ਵੀ ਸਕੂਲ ਵਿੱਚ ਸਿੱਖਿਆ ਦੇ ਖੇਤਰ ਵਿੱਚ ਸ੍ਰੇਸ਼ਠ ਪ੍ਰਦਰਸ਼ਨ ਕਰ ਰਹੀ ਹੈ ਅਤੇ ਜਿਨ੍ਹਾਂ ਦੇ ਰਹਿਣ ਲਈ ਨਵੀਂ ਦਿੱਲੀ ਵਿੱਚ ਕੋਈ ਥਾਂ ਨਹੀਂ ਹੈ, ਉਨ੍ਹਾਂ ਨੂੰ ਇਸ ਹੋਸਟਲ ਵਿੱਚ ਸਾਰੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਤਰ੍ਹਾਂ ਦਾ ਇਹ ਦਿੱਲੀ ਦਾ ਪਹਿਲਾ ਹੋਸਟਲ ਹੈ, ਭਵਿੱਖ ਵਿੱਚ ਅਜਿਹੇ ਹੋਰ ਵੀ ਹੋਸਟਲ ਬਣਾਏ ਜਾਣਗੇ।

—o—

# ਪਰੀਸ਼ਦ ਗਤੀਵਿਧੀਆਂ




**ਜੈਵਿਕ ਕੂੜੇ ਨੂੰ ਖਾਦ ਬਣਾਉਣ ਵਾਲੀ ਪ੍ਰਣਾਲੀ ਦਾ ਉਦਘਾਟਨ :–**ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਵੈਂਕਈਆ ਨਾਇਡੂ ਨੇ 3 ਜਨਵਰੀ, 2015 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਸਥਾਪਤ ਜੈਵਿਕ ਕੂੜੇ ਨੂੰ ਖਾਦ ਵਿੱਚ ਤਬਦੀਲ ਕਰਨ ਦੀ ਪ੍ਰਕ੍ਰਿਆ ਪ੍ਰਣਾਲੀ ਦਾ ਮਾਲਚਾ ਮਾਰਗ ਮਾਰਕੀਟ, ਚਾਣਕਯਾਪੁਰੀ ਵਿੱਚ ਉਦਘਾਟਨ ਕੀਤਾ। ਇਹ ਪ੍ਰਣਾਲੀ ਹੋਟਲਾਂ ਅਤੇ ਖਾਦਯ ਸੰਸਥਾਨਾਂ ਦੇ ਹਰ ਤਰ੍ਹਾਂ ਦੇ ਜੈਵਿਕ ਕੂੜੇ ਨੂੰ ਬਾਗ਼ਬਾਨੀ ਅਤੇ ਖੇਤੀ ਉਪਯੋਗੀ ਖਾਦ ਵਿੱਚ ਪਰਿਵਰਤਤ ਕਰੇਗੀ।

ਇਸ ਮੌਕੇ ਤੇ ਆਪਣੇ ਸੰਬੋਧਨੀ ਭਾਸ਼ਨ ਵਿੱਚ ਸ੍ਰੀ ਵੈਂਕਈਆ ਨਾਇਡੂ ਨੇ ਪਾਲਿਕਾ ਪਰੀਸ਼ਦ ਵੱਲੋਂ ਨਵੀਂ ਤਕਨੀਕ ਦੇ ਮਾਧਿਅਮ ਨਾਲ ਕੂੜਾ ਪ੍ਰਬੰਧਨ ਦੇ ਲਈ ਵਾਤਾਵਰਣ ਅਨੁਕੂਲ ਹੱਲ ਸਥਾਪਤ ਕਰਨ ਦੇ ਲਈ ਵਡਿਆਈ ਕੀਤੀ ਅਤੇ ਕਿਹਾ ਕਿ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਹੁਣ ਸੈਰ-ਸਪਾਟਾ ਮੰਤਰਾਲੇ ਨੂੰ ਲਿਖੇਗਾ ਕਿ ਇਸ ਪ੍ਰਣਾਲੀ ਨੂੰ ਦੇਸ਼ ਦੇ ਸਾਰੇ ਪੰਜ ਅਤੇ ਚਾਰ ਸਿਤਾਰਾ ਹੋਟਲਾਂ ਦੇ ਨਾਲ-ਨਾਲ ਖਾਦਯ ਸੰਸਥਾਨਾਂ ਵਿੱਚ ਵੀ ਸਥਾਪਤ ਕਰਨ ਨੂੰ ਜ਼ਰੂਰੀ ਬਣਾਇਆ ਜਾਵੇ।

ਸ੍ਰੀ ਨਾਇਡੂ ਨੇ ਕਿਹਾ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇਸ਼ ਦੀ ਰਾਜਧਾਨੀ ਦਾ ਹਿਰਦੇ ਸਥਲ ਹੈ ਜੋ ਆਪਣੇ ਖੇਤਰ ਵਿੱਚ ਉੱਚਤਮ ਮਾਣਕਾਂ ਦੇ ਨਾਲ ਸਫ਼ਾਈ ਅਤੇ ਸਿਹਤ ਪ੍ਰਦਾਨ ਕਰਨ ਦੇ ਲਈ ਵਚਨਬੱਧ ਹੈ ਅਤੇ ਇਸ ਮਕਸਦ ਨੂੰ ਨਿਰਧਾਰਤ ਸਮੇਂ ਵਿੱਚ ਪੂਰਾ ਕਰਨ ਦੇ ਲਈ ਪਾਲਿਕਾ ਪਰੀਸ਼ਦ ਦੀ ਵਡਿਆਈ ਵੀ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਲਿਕਾ ਪਰੀਸ਼ਦ ਆਪਣੇ ਅਦਾਰੇ ਦੇ ਫ਼ਰਜ਼ਾਂ ਨੂੰ ਪੂਰਾ ਕਰਨ ਦੇ ਲਈ ਅਨੇਕ ਵਿਸਥਾਰਾਂ ਤੇ ਇਕ ਸਾਥ ਕੰਮ ਕਰ ਰਹੀ ਹੈ, ਜਿਨ੍ਹਾਂ ਵਿੱਚ ਝੁੱਗੀ-ਝੌਂਪੜੀਆਂ ਵਿੱਚ ਸਮੂਹਿਕ ਜੈਵਿਕ ਪਖਾਨਿਆਂ ਦਾ ਨਿਰਮਾਣ ਕਰਨਾ ਵੀ ਸ਼ਾਮਲ ਹੈ।

ਇਹ ਪਰਿਯੋਜਨਾ ਮਾਣਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਚਲਾਏ ਜਾ ਰਹੇ 'ਸਵੱਛ ਭਾਰਤ ਮਿਸ਼ਨ' ਦੀ ਦਿਸ਼ਾ ਵਿੱਚ ਹੀ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਇਕ ਵਧਦਾ ਹੋਇਆ ਕਦਮ ਹੈ।

ਇਹ ਪ੍ਰਣਾਲੀ ਕੂੜੇ ਨੂੰ ਇਕੱਠਾ ਕਰਨ ਦੀ ਲਾਗਤ, ਪਰਿਵਹਨ ਤੇ ਉਸ ਦੇ ਦਬਾਵ ਅਤੇ ਉਸ ਦੇ ਨਿਪਟਾਰੇ ਦੇ ਲਈ ਲੈਂਡਫਿਲ ਭੂਮੀ ਵਿੱਚ ਬਹੁਤ ਬੱਚਤ ਕਰੇਗੀ। ਇਹ ਜਲ, ਹਵਾ ਅਤੇ ਅਵਾਜ਼ ਪ੍ਰਦੂਸ਼ਣ ਨੂੰ ਵੀ ਘੱਟ ਕਰਨ ਵਿੱਚ ਸਹਾਇਕ ਹੋਵੇਗੀ। ਸ਼ਹਿਰੀ ਵਿਕਾਸ ਮੰਤਰੀ ਸ੍ਰੀ ਨਾਇਡੂ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ 'ਸਵੱਛ ਭਾਰਤ ਮਿਸ਼ਨ' ਨਾਲ ਇਕ ਸਮਾਜਕ ਅੰਦੋਲਨ ਦੇ ਰੂਪ ਵਿੱਚ ਜੁੜਨ ਅਤੇ ਭਾਰਤ ਨੂੰ ਇਕ ਸਵੱਛ ਅਤੇ ਸਿਹਤਮੰਦ ਰਾਸ਼ਟਰ ਬਣਾਉਣ।

ਆਪਣੇ ਸੁਆਗਤੀ ਭਾਸ਼ਣ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਕਿਹਾ ਕਿ ਜੈਵਿਕ ਕੂੜੇ ਨੂੰ ਖਾਦ ਦੇ ਰੂਪ ਵਿੱਚ ਬਦਲਣ ਦੀ ਇਸ ਪ੍ਰਣਾਲੀ ਨਾਲ ਹੁਣ ਪੁਰਾਣੀ ਪ੍ਰਣਾਲੀ ਖ਼ਤਮ ਹੋ ਜਾਵੇਗੀ, ਜਿਸ ਵਿੱਚ ਕੂੜੇ ਨੂੰ ਥਾਂ-ਥਾਂ ਤੋਂ ਇਕੱਠਾ ਕਰਕੇ ਉੱਥੇ ਨੇੜੇ ਦੇ ਕਿਸੇ ਕੂੜਾਘਰ ਤੱਕ ਪਹੁੰਚਾਇਆ ਜਾਂਦਾ ਸੀ। ਇਹ ਪ੍ਰਣਾਲੀ ਇਕ ਪਾਇਲਟ ਪ੍ਰੋਜੈਕਟ ਦੇ ਰੂਪ ਵਿੱਚ ਪਾਲਿਕਾ ਪਰੀਸ਼ਦ ਖੇਤਰ ਵਿੱਚ ਹੀ ਸਭ ਤੋਂ ਪਹਿਲੇ ਸ਼ੁਰੂ ਕੀਤੀ ਗਈ ਹੈ। ਇਸ ਪ੍ਰਣਾਲੀ ਵਿੱਚ ਸੰਯੰਤਰ ਦੇ ਦੁਆਰਾ 24 ਘੰਟੇ ਵਿੱਚ ਜੈਵਿਕ ਕੂੜੇ ਨੂੰ ਖਾਦ ਵਿੱਚ ਬਦਲੀ ਕੀਤਾ ਜਾ ਸਕੇਗਾ। ਇਸ ਤਰ੍ਹਾਂ ਦੇ ਦੋ ਸੰਯੰਤਰ ਵਿਨੈ ਮਾਰਗ ਸਥਿਤ ਪਾਲਿਕਾ ਸੇਵਾ ਅਧਿਕਾਰੀ ਸੰਸਥਾਨ (PSOI) ਅਤੇ ਮਾਲਚਾ ਮਾਰਗ ਤੇ ਮਾਰਕੀਟ ਵਿੱਚ ਸਥਾਪਤ ਕੀਤੇ ਗਏ ਹਨ।

—o—

# ਪਰੀਸ਼ਦ ਗਤੀਵਿਧੀਆਂ






**ਹਨੂਮਾਨ ਲੇਨ ਤੇ ਪਖਾਨਾ ਇਕਾਈ ਦਾ ਉਦਘਾਟਨ :-** ਸ੍ਰੀ ਵੈਂਕਈਆ ਨਾਇਡੂ ਨੇ 3 ਜਨਵਰੀ, 2015 ਨੂੰ ਸਵੇਰੇ ਹਨੂਮਾਨ ਲੇਨ (ਕਨਾਟ ਪਲੇਸ) ਤੇ ਇਕ ਸਾਰਵਜਨਿਕ ਪਖਾਨਾ ਇਕਾਈ ਦਾ ਵੀ ਉਦਘਾਟਨ ਕੀਤਾ। ਇਸ ਇਕਾਈ ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੁਆਰਾ ਸਾਰਵਜਨਿਕ ਨਿੱਜੀ ਭਾਗੀਦਾਰੀ (P.P.P.) ਦੇ ਅੰਤਰਗਤ ਸਥਾਪਤ ਕੀਤਾ ਗਿਆ ਹੈ। ਇਸ ਭਾਗੀਦਾਰੀ ਵਿੱਚ ਪਾਲਿਕਾ ਪਰੀਸ਼ਦ ਨੂੰ ਕੋਈ ਮਾਲੀ ਨਿਵੇਸ਼ ਨਹੀਂ ਕਰਨਾ ਪਵੇਗਾ। ਬਲਕਿ ਇਸ ਤੋਂ ਪਾਲਿਕਾ ਪਰੀਸ਼ਦ ਨੂੰ ਲਗਭਗ ਚਾਰ ਕਰੋੜ ਰੁਪਏ ਦੀ ਹਰ ਸਾਲ ਆਮਦਨੀ ਵੀ ਹੋਵੇਗੀ।

ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੀਤ ਪ੍ਰਧਾਨ ਸ੍ਰੀ ਕਰਨ ਸਿੰਘ ਤੰਵਰ ਨੇ ਪਾਲਿਕਾ ਪਰੀਸ਼ਦ ਵੱਲੋਂ 'ਸਵੱਛ ਭਾਰਤ ਮਿਸ਼ਨ' ਨੂੰ ਸਫ਼ਲ ਬਣਾਉਣ ਦੀ ਦਿਸ਼ਾ ਵਿੱਚ ਕੀਤੇ ਜਾ ਰਹੇ ਉੱਦਮਾਂ ਦੀ ਵਡਿਆਈ ਕੀਤੀ ਅਤੇ ਜਨਤਾ ਨੂੰ ਇਸ ਨਾਲ ਜੁੜਣ ਦੀ ਵੀ ਅਪੀਲ ਕੀਤੀ।

ਇਸ ਉਦਘਾਟਨ ਸਮਾਰੋਹ ਵਿੱਚ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਦੇ ਅਤਿਰਿਕਤ ਸਕੱਤਰ ਸ੍ਰੀ ਡੀ.ਐੱਸ. ਮਿਸ਼ਰਾ, ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਬੀ.ਐੱਸ. ਭਾਟੀ, ਸਕੱਤਰ ਸ੍ਰੀ ਨਿਖਿਲ ਕੁਮਾਰ, ਸੀਨੀਅਰ ਅਧਿਕਾਰੀ, ਮਾਰਕੀਟ ਅਤੇ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਵੀ ਮੌਜੂਦ ਸਨ।

—o—

# ਪਰੀਸ਼ਦ ਗਤੀਵਿਧੀਆਂ




**ਮੁੱਖ ਲੇਖਾ ਪ੍ਰੀਖਿਆ ਆਫ਼ਿਸ ਵੱਲੋਂ ਦੋ ਰੋਜ਼ਾ ਸੈਮੀਨਾਰ ਦਾ ਆਯੋਜਨ :-**ਮੁੱਖ ਲੇਖਾ ਪ੍ਰੀਖਿਆ ਵਿਭਾਗ ਵੱਲੋਂ 30-31 ਅਕਤੂਬਰ, 2014 ਨੂੰ ਪਰੀਸ਼ਦ ਸਭਾਗਾਰ ਵਿੱਚ 'ਲੇਖਾ ਪ੍ਰਣਾਲੀ' ਵਿਸ਼ੇ 'ਤੇ 'ਦੋ ਰੋਜ਼ਾ' ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦਾ ਉਦਘਾਟਨ ਅਤੇ ਸਮਾਪਨ ਸ੍ਰੀਮਤੀ ਵਰਸ਼ਾ ਤਿਵਾਰੀ, ਮੁੱਖ ਲੇਖਾ ਪ੍ਰੀਖਿਅਕ ਵੱਲੋਂ ਕੀਤਾ ਗਿਆ। ਸੈਮੀਨਾਰ ਵਿੱਚ ਸ੍ਰੀ ਜੇ.ਜੇ. ਆਰੀਆ, ਉਪ ਮੁੱਖ ਲੇਖਾ ਪ੍ਰੀਖਿਅਕ ਸ੍ਰੀ ਵੀ.ਕੇ. ਹਸੀਜਾ, ਉਪ ਵਿੱਤ ਸਲਾਹਕਾਰ, ਸ੍ਰੀਮਤੀ ਹਰਸ਼ ਅਰੋੜਾ, ਲੇਖਾ ਅਧਿਕਾਰੀ ਅਤੇ ਸ੍ਰੀ ਰਾਮ ਸਿੰਘ ਲੇਖਾ ਅਧਿਕਾਰੀ ਨੇ ਵਿਭਿੰਨ ਵਿਸ਼ਿਆਂ ਤੇ ਆਪਣੇ ਵਿਚਾਰ ਰੱਖੇ। ਪ੍ਰਸ਼ਿਕਸ਼ਾਰਥੀਆਂ ਨੇ ਇਸ ਪ੍ਰੋਗਰਾਮ ਦੀ ਬਹੁਤ ਵਡਿਆਈ ਕੀਤੀ।

—o—

**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ 'ਪੁਸ਼ਪ ਪ੍ਰਦਰਸ਼ਨੀ' ਵਿੱਚ 110 ਇਨਾਮ ਜਿੱਤੇ :-**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਬਾਗ਼ਬਾਨੀ ਵਿਭਾਗ ਨੇ 8 ਦਸੰਬਰ, 2014 ਨੂੰ Y.M.C.A. ਵਿੱਚ ਆਯੋਜਿਤ 'ਪੁਸ਼ਪ ਪ੍ਰਦਰਸ਼ਨੀ' ਵਿੱਚ 110 ਇਨਾਮ ਜਿੱਤੇ। ਬਾਗ਼ਬਾਨੀ ਵਿਭਾਗ ਨੇ 110 ਪ੍ਰਤਿਯੋਗਤਾਵਾਂ ਵਿੱਚ ਹਿੱਸਾ ਲਿਆ ਸੀ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ 43 ਪਹਿਲੇ, 55 ਦੂਜੇ ਅਤੇ 13 ਤੀਜੇ ਇਨਾਮਾਂ ਦੇ ਇਲਾਵਾ 'ਪ੍ਰਿੰਸ ਆਫ਼-ਸ਼ੋ' ਅਤੇ 'ਟ੍ਰੀ-ਗਾਰਡਨ' ਦੀ ਵਿਸ਼ੇਸ਼ ਟ੍ਰਾਫ਼ੀ ਵੀ ਜਿੱਤੀ।

—o—

# ਪਰੀਸ਼ਦ ਗਤੀਵਿਧੀਆਂ








**ਐੱਨ.ਪੀ. ਪ੍ਰਾਇਮਰੀ ਸਕੂਲ, ਆਰ.ਕੇ. ਆਸ਼ਰਮ ਮਾਰਗ ਵੱਲੋਂ ਸਲਾਨਾ ਖੇਡਾਂ ਅਤੇ ਸੱਭਿਆਚਾਰਕ ਸਮਾਰੋਹ ਦਾ ਆਯੋਜਨ :-** ਐੱਨ.ਪੀ. ਪ੍ਰਾਇਮਰੀ ਸਕੂਲ, ਆਰ.ਕੇ. ਆਸ਼ਰਮ ਮਾਰਗ ਵੱਲੋਂ ਸਲਾਨਾ ਖੇਡਾਂ ਅਤੇ ਸੱਭਿਆਚਾਰਕ ਸਮਾਰੋਹ ਦਾ ਆਯੋਜਨ 23 ਦਸੰਬਰ, 2014 ਨੂੰ ਕੀਤਾ ਗਿਆ। ਸਮਾਰੋਹ ਦੇ ਮੁੱਖ ਮਹਿਮਾਨ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਬੱਚਿਆਂ ਦਾ ਖੇਡਾਂ ਅਤੇ ਸਰੀਰਕ ਸਿੱਖਿਆ ਵਿੱਚ ਟ੍ਰੇਂਡ ਹੋਣਾ ਸਿਹਤ ਅਤੇ ਸੁਰੱਖਿਅਤ ਭਵਿੱਖ ਦੇ ਲਈ ਬਹੁਤ ਜ਼ਰੂਰੀ ਹੈ। ਸਮਾਰੋਹ ਵਿੱਚ ਪਰੀਸ਼ਦ ਪ੍ਰਧਾਨ ਵੱਲੋਂ ਖੇਡਾਂ, ਸਰੀਰਕ ਸਿੱਖਿਆ ਅਤੇ ਸੱਭਿਆਚਾਰਕ ਪ੍ਰਤਿਯੋਗਤਾਵਾਂ ਵਿੱਚ ਸਫ਼ਲ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਸਮਾਰੋਹ ਤੋਂ ਪਹਿਲੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਐੱਨ.ਪੀ. ਪ੍ਰਾਇਮਰੀ ਸਕੂਲ, ਆਰ. ਕੇ. ਆਸ਼ਰਮ ਮਾਰਗ ਵਿੱਚ ਨਵੀਂ ਬਣੀ ਲਾਇਬ੍ਰੇਰੀ ਅਤੇ ਕੰਪਿਊਟਰ ਰੂਮ ਭਵਨਾਂ ਦਾ ਫੀਤਾ ਕੱਟ ਕੇ ਉਦਘਾਟਨ ਕੀਤਾ। ਸਮਾਰੋਹ ਦੇ ਆਖ਼ਰ ਵਿੱਚ ਸ੍ਰੀਮਤੀ ਰਮਾ ਜੋਸ਼ੀ, ਪ੍ਰਿੰਸੀਪਲ, ਐੱਨ.ਪੀ. ਪ੍ਰਾਇਮਰੀ ਸਕੂਲ, ਆਰ.ਕੇ. ਆਸ਼ਰਮ ਮਾਰਗ ਨੇ ਮੁੱਖ ਮਹਿਮਾਨ ਸ੍ਰੀ ਜਲਜ ਸ੍ਰੀਵਾਸਤਵ ਅਤੇ ਹੋਰ ਮੌਜੂਦ ਸਾਰੇ ਮਹਿਮਾਨਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਗਣ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਗਣ ਵੀ ਮੌਜੂਦ ਸਨ। ◆

ਲੇਖ

# ਪੰਜਾਬੀ ਭਾਸ਼ਾ ਪੜ੍ਹਨ ਦੇ ਲਾਭ



*ਪ੍ਰਕਾਸ਼ ਸਿੰਘ ਗਿੱਲ*

ਹਰ ਦੇਸ਼ ਅਤੇ ਸੂਬੇ ਦੇ ਲੋਕ ਲਿਖਣ, ਪੜ੍ਹਨ ਅਤੇ ਬੋਲਣ ਲਈ ਬਹੁਤ ਸਾਰੀਆਂ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ। ਪ੍ਰੰਤੂ ਹਰ ਇਕ ਦੇਸ਼ ਅਤੇ ਸੂਬੇ ਦੀ ਆਪਣੀ-ਆਪਣੀ ਬੋਲੀ ਹੁੰਦੀ ਹੈ। ਕਹਿੰਦੇ ਹਨ ਕਿ ਜਦੋਂ ਬੱਚਾ ਜਨਮ ਸਮੇਂ ਰੋਂਦਾ ਹੈ ਤਾਂ ਉਸ ਦੀ ਪਹਿਲੀ ਚੀਕ ਆਪਣੀ ਮਾਂ-ਬੋਲੀ ਵਿੱਚ ਹੀ ਹੁੰਦੀ ਹੈ। ਇਹ ਮਾਂ-ਬੋਲੀ ਬੱਚਾ ਕਿਸੇ ਸਕੂਲ, ਕਾਲਜ ਵਿੱਚੋਂ ਨਹੀਂ ਸਿੱਖਦਾ, ਬਲਕਿ ਉਹ ਇਸ ਨੂੰ ਆਪਣੀ ਮਾਤਾ ਕੋਲੋਂ ਸਹਿਜ-ਸੁਭਾਅ ਹੀ ਸਿਖ ਲੈਂਦਾ ਹੈ। ਇਸੇ ਕਰਕੇ ਇਕ ਅਨਪੜ੍ਹ ਵਿਅਕਤੀ ਜਿਸ ਨੇ ਕੋਈ ਸਕੂਲੀ ਵਿੱਦਿਆ ਹਾਸਲ ਨਹੀਂ ਕੀਤੀ ਹੁੰਦੀ ਉਹ ਆਪਣੀ ਮਾਂ ਬੋਲੀ ਬੋਲ ਸਕਦਾ ਹੈ ਅਤੇ ਸਮਝ ਸਕਦਾ ਹੈ। ਇਸ ਮਾਂ-ਬੋਲੀ ਨੂੰ ਜਿਸ ਭਾਸ਼ਾ ਰਾਹੀਂ ਲਿਖਿਆ ਜਾਂਦਾ ਹੈ ਉਸ ਨੂੰ ਮਾਤ-ਭਾਸ਼ਾ ਕਿਹਾ ਜਾਂਦਾ ਹੈ। ਅੱਜ ਤੱਕ ਹਰ ਦੇਸ਼ ਜਾਂ ਸੂਬੇ ਨੇ ਆਪਣੀ ਮਾਤ-ਭਾਸ਼ਾ ਰਾਹੀਂ ਹੀ ਵਿਕਾਸ ਦੀਆਂ ਸ਼ਿਖਰਾਂ ਨੂੰ ਛੂਹਿਆ ਹੈ। ਇਸ ਵਾਸਤੇ ਕਿਸੇ ਵਿਦੇਸ਼ੀ ਭਾਸ਼ਾ ਨੂੰ ਅਪਨਾਉਣ ਦੀ ਜ਼ਰੂਰਤ ਨਹੀਂ ਪੈਂਦੀ। ਜਿਸ ਵੀ ਦੇਸ਼ ਜਾਂ ਸੂਬੇ ਨੇ ਆਪਣੀ ਮਾਂ-ਬੋਲੀ ਅਤੇ ਮਾਤ-ਭਾਸ਼ਾ ਨੂੰ ਪਿੱਠ ਵਿਖਾਈ ਹੈ, ਉਹ ਦੇਸ਼ ਜਾਂ ਸੂਬਾ ਵਿਕਾਸ ਪੱਖੋਂ ਅਧੂਰਾ ਹੀ ਰਿਹਾ ਹੈ। ਇਨਸਾਨ ਨੂੰ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਪਰੰਤੂ ਇਹ ਵੀ ਨਹੀਂ ਹੈ ਕਿ ਅਸੀਂ ਦੂਸਰੀਆਂ ਭਾਸ਼ਾਵਾਂ ਸਿਖ ਕੇ ਆਪਣੀ ਮਾਤਭਾਸ਼ਾ ਨੂੰ ਤਿਆਗ ਦੇਈਏ, ਕਿਉਂਕਿ ਕਿਸੇ ਵੀ ਦੇਸ, ਕੌਮ ਜਾਂ ਸਮਾਜ ਦਾ ਇਤਿਹਾਸ, ਸੱਭਿਆਚਾਰ ਅਤੇ ਵਿਰਸਾ ਉਸ ਦੀ ਮਾਤ-ਭਾਸ਼ਾ ਨਾਲ ਹੀ ਜੁੜਿਆ ਹੁੰਦਾ ਹੈ। ਭਾਸ਼ਾ ਵਿਗਿਆਨੀਆਂ ਨੇ ਵਿਸ਼ਵ ਭਰ ਦੀਆਂ ਭਾਸ਼ਾਵਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਹੈ। ਉਹ ਇਸ ਨਤੀਜੇ ਤੇ ਪਹੁੰਚੇ ਹਨ ਕਿ ਹਰ 15 ਦਿਨਾਂ ਪਿੱਛੋਂ ਇਕ ਭਾਸ਼ਾ ਮਰ ਜਾਂਦੀ ਹੈ। ਵਿਗਿਆਨੀਆਂ ਨੇ ਅਜਿਹੀਆਂ 400 ਭਾਸ਼ਾਵਾਂ ਦੀ ਸ਼ਨਾਖ਼ਤ ਕਰ ਲਈ ਹੈ ਜੋ ਸਾਲ ਦੋ ਸਾਲ ਵਿੱਚ ਹੀ ਦਮ ਤੋੜ ਜਾਣਗੀਆਂ। ਹੁੰਦਾ ਇਉਂ ਹੈ ਕਿ ਅੰਗਰੇਜ਼ੀ ਜਾਂ ਫਰਾਂਸੀਸੀ ਵਰਗੀ ਕੋਈ ਭਾਸ਼ਾ ਜਦੋਂ ਕੁਝ ਕਾਰਨਾਂ ਕਰਕੇ ਹਰਦਿਲ ਅਜ਼ੀਜ਼ ਹੋ ਜਾਂਦੀ ਹੈ ਉਸ ਦੇ ਬੋਲਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਭਾਸ਼ਾ ਦਾ ਘੇਰਾ ਜਲਦੀ ਨਾਲ ਚੌੜਾ ਹੋਣਾ ਸ਼ੁਰੂ ਹੋ ਜਾਂਦਾ ਹੈ। ਬਹੁਤੇ ਲੋਕ ਆਪਣੀ ਮਾਤ-ਭਾਸ਼ਾ ਦਾ ਆਪੇ ਹੀ ਤਿਆਗ ਕਰ ਦਿੰਦੇ ਹਨ। ਉਹ ਭਾਸ਼ਾ ਮਰ ਜਾਂਦੀ ਹੈ। ਉਸ ਦੀ ਥਾਂ ਕੋਈ ਹੋਰ ਭਾਸ਼ਾ ਲੈ ਲੈਂਦੀ ਹੈ।

ਅੰਗਰੇਜ਼ੀ ਇਕ ਅਜਿਹੀ ਜ਼ਬਾਨ ਹੈ ਜੋ ਭਾਰਤ ਵਿੱਚ ਤੇ ਚੀਨ ਵਿੱਚ ਵੀ ਅਤੇ ਕਈ ਹੋਰ ਮੁਲਕਾਂ ਵਿੱਚ ਵੀ ਜਲਦੀ-ਜਲਦੀ ਪਸਰ ਰਹੀ ਹੈ। ਲੋਕਾਂ ਨੂੰ ਗ਼ਲਤ ਜਾਂ ਸਹੀ ਇਕ ਪ੍ਰਕਾਰ ਦਾ ਯਕੀਨ ਹੋ ਗਿਆ ਹੈ ਕਿ ਅੰਗਰੇਜ਼ੀ ਅੰਤਰ-ਰਾਸ਼ਟਰੀ ਭਾਸ਼ਾ ਦਾ ਦਰਜਾ ਪ੍ਰਾਪਤ ਕਰਨ ਵਾਲੀ ਹੈ। ਇਹ ਰੋਜ਼ਗਾਰ ਪ੍ਰਾਪਤੀ ਲਈ ਜ਼ਰੂਰੀ ਹੈ। ਵਿਗਿਆਨ ਅਤੇ ਤਕਨੀਕੀ ਵਿਸ਼ਿਆਂ ਦੀ ਸਮੱਗਰੀ ਅੰਗਰੇਜ਼ੀ ਦੀਆਂ ਪੁਸਤਕਾਂ ਵਿੱਚੋਂ ਹੀ ਮਿਲ ਸਕਦੀ ਹੈ। ਅੰਗਰੇਜ਼ੀ ਬੋਲਣ ਨਾਲ ਬੰਦੇ ਦਾ ਹੀ ਨਹੀਂ, ਸਗੋਂ ਕੌਮਾਂ ਦਾ ਸਟੇਟਸ ਵੀ ਉੱਚਾ ਹੁੰਦਾ ਹੈ। ਆਮ ਆਦਮੀ ਇਹ ਵੀ ਸੋਚਦਾ ਹੈ ਕਿ ਅਮੀਰਾਂ ਦੇ ਬੱਚੇ ਇਸੇ ਕਰਕੇ ਪੜ੍ਹਾਈ ਵਿੱਚ ਹੁਸ਼ਿਆਰ ਹੁੰਦੇ ਹਨ ਤੇ ਇਸੇ ਕਰਕੇ ਵੱਡੀਆਂ-ਵੱਡੀਆਂ ਨੌਕਰੀਆਂ ਪ੍ਰਾਪਤ ਕਰਦੇ ਹਨ ਕਿਉਂਕਿ ਉਹ ਅੰਗਰੇਜ਼ੀ ਬੋਲਦੇ ਹਨ। ਅਜਿਹੇ ਕਾਰਨਾਂ ਕਰਕੇ ਲੋਕਾਂ ਦੀ ਰੁਚੀ ਅੰਗਰੇਜ਼ੀ ਸਿੱਖਣ, ਅੰਗਰੇਜ਼ੀ ਪੜ੍ਹਨ ਤੇ ਅੰਗਰੇਜ਼ੀ ਬੋਲਣ ਵੱਲ ਹੋ ਜਾਂਦੀ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਵੀ ਅੰਗਰੇਜ਼ੀ ਵਿੱਚ ਗੱਲਾਂ ਕਰਨ, ਅੰਗਰੇਜ਼ੀ ਵਿੱਚ ਚਿੱਠੀਆਂ ਲਿਖਣ। ਅਜਿਹਾ ਕਰਨ ਵਿੱਚ ਮੈਂ ਕੋਈ ਬੁਰਾਈ ਨਹੀਂ ਸਮਝਦਾ। ਲੇਕਿਨ ਦੁੱਖ ਉਦੋਂ ਹੁੰਦਾ ਹੈ ਜਦੋਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਆਪਣੀ ਮਾਂ-ਬੋਲੀ ਵਿੱਚ ਗੱਲ ਕਰਨ ਨੂੰ ਆਪਣੀ ਹੇਠੀ ਸਮਝਦੇ ਹਨ। ਇਹ ਝੁਕਾਅ ਹਰ ਥਾਂ ਵੇਖਿਆ ਜਾ ਸਕਦਾ ਹੈ। ਅੰਗਰੇਜ਼ੀ ਸਾਰੇ ਹਿੰਦੁਸਤਾਨ ’ਤੇ ਹਾਵੀ ਹੋ ਰਹੀ ਹੈ ਤੇ ਨਤੀਜੇ ਵਜੋਂ ਹਿੰਦੁਸਤਾਨੀ ਜ਼ਬਾਨਾਂ ਦਾ ਪਤਨ ਸ਼ੁਰੂ ਹੋ ਗਿਆ ਹੈ। ਇਹ ਵੀ ਮੰਦਭਾਗੀ ਗੱਲ ਹੈ ਕਿ ਅਸੀਂ ਆਪਣੀ ਭਾਸ਼ਾ ਵਿੱਚ ਹਾਈ ਕੋਰਟ ਜਾਂ ਸੁਪਰੀਮ ਕੋਰਟ ਤੋਂ ਆਪਣੇ ਲਈ ਇਨਸਾਫ਼ ਦੀ ਗੁਹਾਰ ਵੀ ਨਹੀਂ ਲਗਾ ਸਕਦੇ। ਸਾਰੇ

ਮੁਕੱਦਮੇ ਅੰਗਰੇਜ਼ੀ ਭਾਸ਼ਾ ਵਿੱਚ ਹੀ ਲਿਖਣੇ ਪੈਂਦੇ ਹਨ।

ਮਾਂ ਬੋਲੀ ਪੰਜਾਬੀ ਦੁਨੀਆ ਭਰ 'ਚ ਬੋਲੀਆਂ ਜਾਣ ਵਾਲੀਆਂ ਜ਼ੁਬਾਨਾਂ 'ਚ ਸਿਰਕੱਢ ਬੋਲੀ ਹੈ। ਅੱਜ ਦੇਸ਼ ਅਤੇ ਵਿਦੇਸ਼ ਵਿੱਚ ਵਸੇ ਪੰਜਾਬੀ ਅਨੇਕਾਂ ਕਾਰਨਾਂ ਕਰਕੇ ਆਪਣੀ ਮੂਲ ਧਰਤੀ ਅਤੇ ਆਪਣੇ ਸੱਭਿਆਚਾਰ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਰਹਿਣਾ ਚਾਹੁੰਦੇ ਹਨ। ਅੱਜ ਲੋੜ ਹੈ ਇਹ ਸੋਚਣ ਦੀ ਕਿ ਕਿਵੇਂ ਅਸੀਂ ਪੰਜਾਬੀਅਤ ਦੀ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵੱਖਰੀ ਪਛਾਣ ਕਾਇਮ ਰੱਖਣੀ ਹੈ। ਇਕ ਅੰਦਾਜੇ ਮੁਤਾਬਕ ਕੈਨੇਡਾ ਵਿੱਚ ਇੰਗਲਿਸ਼, ਫਰੈਂਚ ਅਤੇ ਜਰਮਨ ਤੋਂ ਬਾਅਦ ਕੈਨੇਡਾ ਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਜ਼ਬਾਨ ਪੰਜਾਬੀ ਹੈ। ਉੱਥੇ ਹਸਪਤਾਲਾਂ, ਹਵਾਈ ਅੱਡਿਆਂ, ਕਾਨਫ਼ਰੰਸ ਹਾਲਾਂ, ਬਜ਼ਾਰਾਂ ਅਤੇ ਮਾਰਕੀਟਾਂ ਵਿੱਚ ਪੰਜਾਬੀ ਵਿੱਚ ਲਿਖੀਆਂ ਤਖ਼ਤੀਆਂ ਆਮ ਦਿਖਾਈ ਦਿੰਦੀਆਂ ਹਨ। ਤੇ ਇੱਥੇ ਬੈਂਕਾਂ ਦੇ ਸਾਹਮਣੇ ਵੀ ਅਸੀਂ ਪੰਜਾਬੀ ਬੋਲਦੇ ਹਾਂ ਦੀਆਂ ਤਖ਼ਤੀਆਂ ਲਟਕੀਆਂ ਦੇਖੀਆਂ ਜਾ ਸਕਦੀਆਂ ਹਨ।

ਅੱਜ ਪੰਜਾਬੀ ਦੀ ਗਿਣਤੀ ਸੰਸਾਰ ਦੀਆਂ 6000 ਬੋਲੀਆਂ ਵਿੱਚੋਂ ਸੰਸਾਰ ਵਿੱਚ ਸਭ ਤੋਂ ਜ਼ਿਆਦਾ ਬੋਲੀਆਂ ਜਾ ਰਹੀਆਂ 10 ਜ਼ਬਾਨਾਂ ਵਿੱਚ ਕੀਤੀ ਜਾਣ ਲੱਗੀ ਹੈ। 150 ਦੇਸ਼ਾਂ ਵਿੱਚ ਵਸੇ ਹੋਏ 15 ਕਰੋੜ ਤੋਂ ਵਧੇਰੇ ਲੋਕਾਂ ਦੀ ਜ਼ਬਾਨ ਪੰਜਾਬੀ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਕੋਈ ਵੀ ਮਨੁੱਖ ਕਈ ਬੋਲੀਆਂ ਬੋਲ ਸਕਦਾ ਹੈ ਅਤੇ ਕਈ ਭਾਸ਼ਾਵਾਂ ਪੜ੍ਹ-ਲਿਖ ਸਕਦਾ ਹੈ। ਲੇਕਿਨ ਉਸ ਨੂੰ ਉਸੇ ਭਾਸ਼ਾ ਜਾਂ ਬੋਲੀ ਦੇ ਸਹੀ ਸਮਝ ਹੋਵੇਗੀ ਜਿਸ ਦੇ ਸੱਭਿਆਚਾਰ ਨੂੰ ਉਹ ਭਲੀ -ਭਾਂਤ ਜਾਣਦਾ ਹੋਵੇਗਾ। ਬੋਲੀ ਜਾਂ ਭਾਸ਼ਾ ਬੋਲਣ ਦਾ ਇਕ ਸਾਧਨ ਮਾਤਰ ਹੀ ਸਗੋਂ ਇਸ ਤੋਂ ਵੱਧ ਇਸ ਵਿੱਚ ਪੂਰੀ ਜਾਚ ਸਮਾਈ ਹੁੰਦੀ ਹੈ।

ਪ੍ਰਸਿੱਧ ਵਿਦਵਾਨ ਕੁਲਦੀਪ ਨੱਈਅਰ ਦਾ ਕਹਿਣਾ ਹੈ ਕਿ ਸਾਨੂੰ ਪੰਜਾਬੀ ਦਾ ਕਿਸੇ ਹੋਰ ਜ਼ੁਬਾਨ ਨਾਲ ਮੁਕਾਬਲਾ ਨਹੀਂ ਕਰਨਾ ਚਾਹੀਦਾ। ਜੇ ਪੰਜਾਬੀ ਬੋਲੀ ਨਹੀਂ ਰਹਿੰਦੀ ਤਾਂ ਪੰਜਾਬੀ ਸੱਭਿਆਚਾਰ ਆਪਣੇ ਆਪ ਖ਼ਤਮ ਹੋ ਜਾਵੇਗਾ।

ਉਂਝ ਵੇਖਣ ਵਿੱਚ ਆਉਂਦਾ ਹੈ ਕਿ ਅੱਜ ਕੱਲ੍ਹ ਆਪਣੀ ਹੀ ਮਾਂ-ਬੋਲੀ ਨੂੰ ਪੰਜਾਬੀਆਂ ਨੇ ਦੇਸ਼ ਨਿਕਾਲਾ ਦਿੱਤਾ ਹੋਇਆ ਹੈ ਅਤੇ ਵਿਦੇਸ਼ੀ ਭਾਸ਼ਾਵਾਂ ਨੂੰ ਅੱਖਾਂ ਤੇ ਬਿਠਾਇਆ ਹੋਇਆ ਹੈ। ਹਰ ਕੋਈ ਆਪਣੇ ਬੱਚੇ ਨੂੰ ਅੰਗਰੇਜ਼ੀ ਸਕੂਲ ਵਿੱਚ ਸਿੱਖਿਆ ਦਿਵਾ ਕੇ ਜੈਂਟਲਮੈਨ ਬਣਿਆ ਦੇਖਣਾ ਚਾਹੁੰਦਾ ਹੈ। ਪੰਜਾਬੀ ਨੂੰ ਤਾਂ ਅਨਪੜ੍ਹ ਪੇਂਡੂ ਲੋਕਾਂ ਦੀ ਭਾਸ਼ਾ ਹੀ ਸਮਝਿਆ ਜਾਂਦਾ ਹੈ। ਕਿਸੇ ਵੀ ਸੋਸਾਇਟੀ ਵਿੱਚ ਅੰਗਰੇਜ਼ੀ ਬੋਲਣ ਵਾਲੇ ਨੂੰ ਹੀ ਪੜ੍ਹਿਆ-ਲਿਖਿਆ ਸਮਝਿਆ ਜਾਂਦਾ ਹੈ ਅਤੇ ਪੰਜਾਬੀ ਪੜ੍ਹਨ-ਲਿਖਣ ਜਾਂ ਬੋਲਣ ਵਾਲੇ ਨੂੰ ਬੁੱਧੂ ਹੀ ਸਮਝਿਆ ਜਾਂਦਾ ਹੈ। ਸਰਕਾਰੀ ਕਾਰ-ਵਿਹਾਰ ਵਿੱਚ ਅਤੇ ਉੱਚ ਸਿੱਖਿਆ ਦੇ ਖੇਤਰ ਵਿੱਚ ਤਾਂ ਪੰਜਾਬੀ ਗ਼ਾਇਬ ਹੀ ਹੈ ਅਤੇ ਅੰਗਰੇਜ਼ੀ ਹੀ ਪ੍ਰਧਾਨ ਹੈ। ਅੱਜ ਪੰਜਾਬ ਜਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਵਿੱਚ ਰਹਿਣ ਵਾਲੇ ਪੰਜਾਬੀਆਂ ਖ਼ਾਸ ਤੌਰ ਤੇ ਸਿੱਖ ਪਰਿਵਾਰਾਂ ਦੇ ਬੱਚੇ ਨਾ ਪੰਜਾਬੀ ਜ਼ੁਬਾਨ ਬੋਲਦੇ ਹਨ ਤੇ ਨਾ ਹੀ ਪੜ੍ਹਦੇ ਹਨ। ਪੰਜਾਬੀ ਸਾਡੀ ਮਾਤ ਭਾਸ਼ਾ ਪੰਜਾਬੀ ਹੈ। ਦੂਜੇ ਸ਼ਬਦਾਂ ਵਿੱਚ ਇਹ ਸਾਡੀ ਮਾਂ ਹੈ। ਜੇਕਰ ਕੋਈ ਇਨਸਾਨ ਆਪਣੀ ਮਾਂ ਨੂੰ ਘਰੋਂ ਬਾਹਰ ਕੱਢ ਕੇ ਬਿਠਾ ਦੇਵੇ ਤਾਂ ਕੀ ਤੁਸੀਂ ਇਸ ਨੂੰ ਠੀਕ ਸਮਝੋਂਗੇ? ਸੰਭਵ ਹੈ ਕਿ ਕਦਾਚਿਤ ਵੀ ਨਹੀਂ। ਇਹੋ ਸਲੂਕ ਅਸੀਂ ਆਪਣੀ ਮਾਂ-ਬੋਲੀ ਪੰਜਾਬੀ ਨਾਲ ਅੱਧੀ ਸਦੀ ਤੋਂ ਕਰਦੇ ਆ ਰਹੇ ਹਾਂ।

ਇਕ ਸਰਵੇਖਣ ਅਨੁਸਾਰ ਹੋਰਨਾਂ ਕਈ ਕਾਰਨਾਂ ਦੇ ਨਾਲ-ਨਾਲ ਕਿੱਤਾਮੁਖੀ ਕੋਰਸਾਂ ਦੇ ਵਧਦੇ ਰੁਝਾਨ ਨੇ ਪੰਜਾਬੀ ਦਾ ਦਾਇਰਾ ਸੀਮਤ ਕਰ ਦਿੱਤਾ ਹੈ। ਦੂਜੇ ਪਾਸੇ ਅਜਿਹੇ ਖਤਰੇ ਨੂੰ ਭਾਂਪਦਿਆਂ ਤਮਿਲਨਾਡੂ ਨੇ ਕਿੱਤਾਮੁਖੀ ਕੋਰਸਾਂ ਦੇ ਪਾਠਕ੍ਰਮ ਆਪਣੀ ਮਾਂ-ਬੋਲੀ ਵਿੱਚ ਤਿਆਰ ਕਰਨ ਦਾ ਅਮਲ ਆਰੰਭ ਕਰ ਦਿੱਤਾ ਹੈ। ਲੇਕਿਨ ਅਸੀਂ ਪੰਜਾਬੀ ਇੱਥੇ ਵੀ ਪਿੱਛੇ ਰਹਿ ਗਏ ਹਾਂ।

ਵਿਸ਼ਵੀਕਰਨ ਦਾ ਨਵਾਂ ਦੈਂਤ ਹਰ ਮਹੀਨੇ ਦੋ ਬੋਲੀਆਂ ਚਟਮ ਕਰਨ ਲੱਗ ਪਿਆ ਹੈ। ਅੱਜ ਸੰਚਾਰ ਦੇ ਯੁਗ ਵਿੱਚ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਪਿਛਲੇ ਯੁੱਗਾਂ ਵਿੱਚ ਜਰਵਾਣੇ, ਆਪਣੀ ਰਿਆਇਆ ਉੱਤੇ ਆਪਣੀ ਭਾਸ਼ਾ ਬਦੋਬਦੀ ਥੋਪਦੇ ਸਨ, ਲੇਕਿਨ ਵਿਸ਼ਵੀਕਰਨ ਦੇ ਯੁੱਗ ਵਿੱਚ ਬੁਲਾਰੇ ਆਪਣੀ ਮਰਜ਼ੀ ਨਾਲ, ਬਲਕਿ ਖ਼ੁਸ਼ੀ ਨਾਲ, ਆਪਣੀ ਮਾਂ-ਬੋਲੀ ਦੀ ਕੁਰਬਾਨੀ ਦੇ ਕੇ ਵਿਦੇਸ਼ੀ ਭਾਸ਼ਾ ਅੰਗਰੇਜ਼ੀ ਨੂੰ ਆਪਣੇ ਬੱਚਿਆਂ ਦੀ ਮਾਂ-ਬੋਲੀ ਬਣਾਉਣ ਵਿੱਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਹਨ।

ਦੂਜੇ ਪਾਸੇ ਬੀਤੇ ਸਮੇਂ ਵਿੱਚ ਫਰਾਂਸ ਦੇ ਰਾਸ਼ਟਰਪਤੀ ਹੋਰਾਂ ਜਦੋਂ ਫਰਾਂਸ ਦੇ ਇਕ ਕਲਾਕਾਰ ਨੂੰ ਯੂਰਪ ਦੀ ਪਾਰਲੀਮੈਂਟ ਵਿੱਚ ਆਪਣੀ ਭਾਸ਼ਾ ਫਰਾਂਸੀਸੀ ਦੀ ਥਾਂ ਅੰਗਰੇਜ਼ੀ ਵਿੱਚ ਬੋਲਦਿਆਂ ਸੁਣਿਆ ਤਾਂ ਉਹ ਰੋਸ ਵਜੋਂ ਪਾਰਲੀਮੈਂਟ ਵਿੱਚੋਂ ਉੱਠ ਕੇ ਬਾਹਰ ਚਲੇ ਗਏ।

21ਵੀਂ ਸਦੀ ਵਿੱਚ ਮੇਰੇ ਉੱਤੇ ਸਭ ਤੋਂ ਮਾਰੂ ਵਾਰ ਮਾਪਿਆਂ ਨੇ ਕੀਤਾ ਹੈ, ਜੋ ਮੇਰੇ ਸਾਹਮਣੇ ਆਪਣੇ ਬੱਚਿਆਂ ਨੂੰ ਮੇਰੇ ਤੋਂ ਮੂੰਹ ਮੋੜ ਲੈਣ ਲਈ ਵਿਤੋਂ ਬਾਹਰਾ ਯਤਨ ਕਰ ਰਹੇ ਹਨ। ਇਸ ਸਦੀ ਵਿੱਚ ਉਹ ਹੀ ਬੋਲੀਆਂ ਬਚ ਸਕਦੀਆਂ ਹਨ ਜਿਨ੍ਹਾਂ ਦਾ ਹਰ ਬੁਲਾਰਾ ਉਨ੍ਹਾਂ ਨੂੰ ਕੱਸ ਕੇ ਆਪਣੀ ਛਾਤੀ ਨਾਲ ਲਾਈ ਰੱਖੇ ਤੇ ਉਸ ਦੀ ਥਾਂ ਮੱਲਣ

ਲਈ ਤਿਆਰ ਬੈਠੀ ਵਿਦੇਸ਼ੀ ਭਾਸ਼ਾ ਨੂੰ ਭਾਵੇਂ ਉਹ ਕਿੰਨੀ ਫ਼ਾਇਦੇਮੰਦ ਤੇ ਦਿਲਕਸ਼ ਕਿਉਂ ਨਾ ਹੋਵੇ ਆਪਣੇ ਬੱਚਿਆਂ ਦੀਆਂ ਮੁੱਢਲੀਆਂ ਜਮਾਤਾਂ ਦੇ ਨੇੜੇ ਨਾ ਆਉਣ ਦੇਵੇ।

ਸੋ ਹਰ ਪੰਜਾਬੀ ਆਪਣੀ ਮਾਤ-ਭਾਸ਼ਾ ਨਾਲ ਆਪਣੀ ਅਣਖ ਜੋੜ ਲਏ ਤਾਂ ਯਕੀਨ ਜਾਣੋ, ਪੰਜਾਬੀ ਨੂੰ ਕੋਈ ਨਹੀਂ ਮਾਰ ਸਕਦਾ। ਕੀ ਸਾਰੇ ਪੰਜਾਬੀਆਂ ਦਾ ਰੁਖ ਇਸ ਪਾਸੇ ਵੱਲ ਮੋੜਿਆ ਜਾ ਸਕਦਾ ਹੈ? ਜੇ ਜਵਾਬ ਹੈ 'ਹਾਂ' ਤਾਂ ਜਸ਼ਨ ਮਨਾਓ, ਪੰਜਾਬੀ ਜੀਵੇਗੀ, ਜੇ ਜਵਾਬ ਹੈ 'ਮੁਸ਼ਕਲ ਹੈ' ਤਾਂ ਪੰਜਾਬੀ ਨੂੰ ਵੀ 21ਵੀਂ ਸਦੀ ਦਾ ਸ਼ਿਕਾਰ ਬਣਨ ਤੋਂ ਰੋਕਣਾ 'ਬੜਾ ਮੁਸ਼ਕਲ' ਹੋਵੇਗਾ। ਇਹ ਸੋਗਮਈ ਭਵਿੱਖਵਾਣੀ ਹੈ।

## ਪੰਜਾਬੀ ਭਾਸ਼ਾ ਦਾ ਆਧਾਰ ਤੇ ਪ੍ਰਸਾਰ

ਕਿਸੇ ਵੀ ਭਾਸ਼ਾ ਦਾ ਵਿਕਾਸ ਉਸ ਦੇ ਵਿਦਿਅਕ ਅਦਾਰਿਆਂ ਦੁਆਰਾ ਹੋ ਸਕਦਾ ਹੈ। ਸੋ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਇਹ ਨਵਾਂ ਪ੍ਰਸਾਰ ਬਹੁਤ ਹੀ ਧਿਆਨਯੋਗ ਹੈ। ਇਹ ਵੀ ਪ੍ਰਮਾਣਿਤ ਹੋ ਚੁੱਕਿਆ ਹੈ ਕਿ ਬੱਚੇ ਦਾ ਪੂਰਾ ਵਿਕਾਸ ਉਸ ਦੀ ਮਾਂ-ਬੋਲੀ ਵਿੱਚ ਹੀ ਹੋ ਸਕਦਾ ਹੈ। ਪੰਜਾਬੀ ਦੇ ਇਸ ਤਰ੍ਹਾਂ ਦੇ ਵਿਕਾਸ ਵਿੱਚ ਯੂਨੀਵਰਸਿਟੀਆਂ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ। ਉਹ ਆਪਣੇ ਵਿਦਿਆਰਥੀਆਂ ਨੂੰ ਮਾਂ-ਬੋਲੀ ਵਿੱਚ ਗਲੋਬਲ ਪੱਧਰ ਦਾ ਗਿਆਨ ਦੇ ਕੇ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਆਪਣੀ ਯੋਗਤਾ ਦਰਸਾਉਣ ਦੇ ਕਾਬਲ ਬਣਾ ਸਕਦੀਆਂ ਹਨ। ਵਿਕਾਸ ਦੇ ਇਸ ਪ੍ਰਸਾਰ ਵਿੱਚ ਸਭ ਤੋਂ ਮਹੱਤਵਪੂਰਨ ਹਨ ਸਾਡੇ ਮੁੱਢਲੀ ਵਿੱਦਿਆ ਦੇ ਕੇਂਦਰ—ਜਿੱਥੇ ਬੱਚਿਆਂ ਦੇ ਮਨਾਂ ਵਿੱਚ ਗਿਆਨ-ਵਿਗਿਆਨ ਦੀ ਨਿੱਤ ਨਵੀਂ ਕਿਰਨ ਪਾਈ ਜਾ ਸਕਦੀ ਹੈ, ਜਿੱਥੇ ਬੱਚਿਆਂ ਨੂੰ ਹੋਰ ਅਗਾਂਹ ਵਧਣ ਦੀ ਚੇਟਕ ਲਾਈ ਜਾ ਸਕਦੀ ਹੈ। ਜਿੱਥੇ ਬੱਚਿਆਂ ਦੀਆਂ ਸਮਰੱਥਾ ਅਤੇ ਸੀਮਾਵਾਂ ਨੂੰ ਸਮਝਿਆ ਵਿਚਾਰਿਆ ਜਾਣਾ ਚਾਹੀਦਾ ਹੈ, ਜਿੱਥੇ ਬੱਚਿਆਂ ਦੀ ਸਮਰੱਥਾ ਨੂੰ ਉਜਾਗਰ ਕਰਕੇ ਉਚੇਰੀਆਂ ਪ੍ਰਾਪਤੀਆਂ ਦੇ ਰਾਹ ਤੋਰਿਆ ਜਾਣਾ ਚਾਹੀਦਾ ਹੈ।

ਮੈਨੂੰ ਲੱਗਦਾ ਹੈ ਕਿ ਜਿਹੜੀ ਆਰਥਿਕ ਯੋਜਨਾਬੰਦੀ ਹੈ ਉਹਦੇ ਨਾਲ ਭਾਸ਼ਾ ਦੀ ਯੋਜਨਾਬੰਦੀ ਕਰਨੀ ਬਹੁਤ ਜ਼ਰੂਰੀ ਹੈ ਹੋਰ ਜੇ ਅਸੀਂ ਇਹ ਵਿਸ਼ਵਾਸ ਦਿਵਾ ਸਕੀਏ ਕਿ ਪੰਜਾਬੀ ਪੜ੍ਹਨ ਦੇ ਨਾਲ ਤੁਹਾਨੂੰ ਰੁਜ਼ਗਾਰ ਮਿਲੇਗਾ। ਹੋਰ ਤੁਸੀਂ ਆਪਣਾ ਕਾਰੋਬਾਰ ਜਿਹੜਾ ਹੈ ਵੱਧ ਸੌਖੇ ਤਰੀਕੇ ਨਾਲ ਚਲਾ ਸਕੋਗੇ ਤਾਂ ਲੋਕੀ ਜਿਹੜੇ ਅੱਜ ਤੁਹਾਨੂੰ ਕਹਿੰਦੇ ਹਨ ਕਿ ਆਪਣੇ ਬੱਚਿਆਂ ਨੂੰ ਘਰਾਂ ਵਿੱਚ ਪੰਜਾਬੀ ਨਾ ਬੋਲਣ ਦਿਓ, ਉਹ ਕਹਿਣਗੇ ਪੰਜਾਬੀ ਸਿਖੋ।

ਮਹੱਤਵਪੂਰਨ ਨੁਕਤਾ ਇਹ ਹੈ ਕਿ ਭਾਸ਼ਾ ਦਾ ਲੋਕਾਂ ਨੂੰ ਰੁਜ਼ਗਾਰ ਦਿਵਾਉਣ ਵਿੱਚ ਕਾਰੋਬਾਰ ਅਤੇ ਗਿਆਨ-ਵਿਗਿਆਨ ਵਿੱਚ ਕੀ ਰੋਲ ਹੈ ਤੇ ਜਿਹੜੀ ਭਾਸ਼ਾ ਵਿੱਚ ਕੰਮ-ਕਾਜ ਹੋਏਗਾ ਉਹ ਭਾਸ਼ਾ ਲੋਕੀ ਸਿਖਣਗੇ। ਜ਼ਿਆਦਾਤਰ ਅਧਿਆਪਕ ਸਾਥੀ ਅਤੇ ਸਕੂਲਾਂ-ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਮਾਪੇ ਕਹਿੰਦੇ ਹਨ ਕਿ ਸਾਡੇ ਬੱਚੇ ਪੰਜਾਬੀ ਭਾਸ਼ਾ ਸਿੱਖ ਕੇ ਕਿਹੜੇ ਰੋਜ਼ਗਾਰ ਹਾਸਲ ਕਰ ਸਕਦੇ ਹਨ ਜਾਂ ਆਪਣਾ ਕੈਰੀਅਰ ਕਿਵੇਂ ਬਣਾ ਸਕਦੇ ਹਨ। ਅੱਜ ਬੱਚੇ ਅੰਗਰੇਜ਼ੀ ਭਾਸ਼ਾ ਨਾਲ ਹੀ ਨਹੀਂ ਰੋਜ਼ਗਾਰ ਹਾਸਲ ਕਰ ਰਹੇ ਹਨ ਬਲਕਿ ਪੰਜਾਬੀ ਭਾਸ਼ਾ ਨਾਲ ਰੋਜ਼ਗਾਰ ਹਾਸਲ ਕਰਕੇ 'ਉੱਚੀਆਂ ਟੀਸੀਆਂ' ਤੇ ਪਹੁੰਚ ਰਹੇ ਹਨ। ਪੰਜਾਬੀ ਭਾਸ਼ਾ ਨਾਲ ਬਣਦੇ ਭਵਿੱਖ ਬਾਰੇ ਹੇਠਾਂ ਲਿਖੀ ਸਾਰਨੀ 'ਤੇ ਝਾਤ ਜ਼ਰੂਰ ਪਾਓ :

| | ਸਿੱਖਿਆ | | ਕੈਰੀਅਰ |
|---|---|---|---|
| 1. | ਦਸਵੀਂ | – | • ਟਾਈਪਿਸਟ |
| 2. | ਬਾਰ੍ਹਵੀਂ | – | • ਡਾਇਟ ਕੇਂਦਰ ਵਿੱਚ ਦਾਖ਼ਲਾ, • ਪੰਜਾਬੀ ਸਟੈਨੋਗ੍ਰਾਫਰ, • ਕੰਪਿਊਟਰ ਟਾਈਪਿਸਟ |
| 3. | ਬੀ.ਏ. | – | • ਅਨੁਵਾਦਕ, • ਦੁਭਾਸ਼ੀਆ, • ਪਰੂਫ਼ ਰੀਡਰ, • ਪੱਤਰਕਾਰ (ਪ੍ਰਿੰਟ ਮੀਡੀਆ/ਬਿਜਲਈ ਮੀਡੀਆ) • ਐਂਕਰ, • ਮਲਟੀ-ਮੀਡੀਆ (ਐਨੀਮੇਸ਼ਨ), • ਵਿਗਿਆਪਨ, • ਪੀ.ਸੀ.ਐੱਸ., • ਆਈ.ਏ.ਐੱਸ. (ਸਿਵਲ ਸਰਵਿਸ) |
| 4. | ਐੱਮ.ਏ. | – | • ਅਧਿਆਪਕ (ਸਕੂਲੀ ਸਿੱਖਿਆ) |
| 5. | ਐੱਮ.ਫਿਲ | – | • ਲੈਕਚਰਾਰ |
| 6. | ਪੀ.ਐੱਚ.ਡੀ. | – | • ਪ੍ਰੋਫੈਸਰ |

**ਨੋਟ : ਪੰਜਾਬੀ ਮਾਧਿਅਮ/ਵਿਸ਼ੇ ਨਾਲ ਆਈ.ਏ.ਐੱਸ., ਪੀ.ਸੀ.ਐੱਸ. ਵਰਗੀਆਂ ਸਰਵਉੱਚ ਪ੍ਰਸ਼ਾਸਨ ਸੇਵਾਵਾਂ ਵੀ ਹਾਸਲ ਕੀਤੀਆਂ ਜਾ ਸਕਦੀਆਂ ਹਨ।**

ਦੋਸਤੋ ਜ਼ਰੂਰਤ ਹੈ ਪੰਜਾਬੀ ਭਾਸ਼ਾ ਨੂੰ ਦਿਲੋਂ ਅਪਨਾਉਣ ਦੀ ਤੇ ਠੀਕ ਅਤੇ ਸ਼ੁੱਧ ਪੰਜਾਬੀ ਦੇ ਗਿਆਨ ਦੀ। ਫੇਰ ਤੁਹਾਡੇ ਸਾਹਮਣੇ ਰੋਜ਼ਗਾਰ ਦੇ ਸੈਂਕੜੇ ਮੌਕੇ ਮੌਜੂਦ ਹਨ।

ਆਓ ਹੋਰਾਂ ਨੂੰ ਵੀ ਜਾਣਕਾਰੀ ਦੇਈਏ ਤੇ ਪੰਜਾਬੀ ਭਾਸ਼ਾ ਨਾਲ ਜੋੜੀਏ।

*ਪ੍ਰਧਾਨ, ਪੰਜਾਬੀ ਹੈਲਪ ਲਾਈਨ, ਦਿੱਲੀ*
*ਮੋਬਾਈਲ : 098188-11555*

◆

ਲੇਖ

# ਮਾਂ-ਬੋਲੀ ਬਾਰੇ ਕਵਿਤਾਵਾਂ

*ਪ੍ਰੋ. ਨਵ ਸੰਗੀਤ ਸਿੰਘ*

ਅਸੀਂ ਸਾਰੇ ਹੀ ਮਾਂ-ਬੋਲੀ ਜਾਂ ਮਾਤ-ਭਾਸ਼ਾ ਦੀ ਮਹੱਤਤਾ ਤੋਂ ਚੰਗੀ ਤਰ੍ਹਾਂ ਜਾਣੂੰ ਹਾਂ। ਵਿਸ਼ਵ ਵਿੱਚ ਹਰ ਸਾਲ 21 ਫ਼ਰਵਰੀ ਨੂੰ 'ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ' ਮਨਾਇਆ ਜਾਂਦਾ ਹੈ ਤੇ ਇਸ ਦਿਨ ਮਾਂ-ਬੋਲੀ ਦੀ ਮਹਾਨਤਾ ਬਾਰੇ ਚਰਚਾ ਕੀਤੀ ਜਾਂਦੀ ਹੈ। ਪੂਰੀ ਦੁਨੀਆ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਹੈ, ਫਿਰ ਚਾਹੇ ਉਹ ਭਾਰਤ ਵਿੱਚ ਰਹਿੰਦਾ ਹੋਵੇ, ਪਾਕਿਸਤਾਨ ਵਿੱਚ, ਅਮਰੀਕਾ ਵਿੱਚ, ਕੈਨੇਡਾ ਵਿੱਚ ਜਾਂ ਜਾਪਾਨ ਵਿੱਚ। ਮਾਂ-ਬੋਲੀ ਉਹ ਹੈ, ਜੋ ਸਾਡੀ ਮਾਂ ਬੋਲਦੀ ਹੈ ਤੇ ਜਿਸ ਨੂੰ ਅਸੀਂ ਬਿਨਾਂ ਕਿਸੇ ਕੋਸ਼ਿਸ਼ ਤੋਂ ਆਪਣੇ-ਆਪ ਸਿੱਖ ਜਾਂਦੇ ਹਾਂ। ਅਸਲ ਵਿੱਚ ਨੰਨ੍ਹਾ ਬੱਚਾ ਮਾਂ ਦਾ ਦੁੱਧ ਚੁੰਘਦਾ ਹੋਇਆ ਹੀ ਮਾਂ-ਬੋਲੀ ਸਿੱਖਣ ਦੇ ਅਮਲ ਵਿੱਚ ਪੈ ਜਾਂਦਾ ਹੈ। ਘਰ-ਪਰਿਵਾਰ ਵਿੱਚ ਅਤੇ ਮਾਪਿਆਂ ਵੱਲੋਂ ਬੋਲੀ ਜਾਣ ਵਾਲੀ ਭਾਸ਼ਾ ਹੀ ਮਾਂ-ਬੋਲੀ ਹੁੰਦੀ ਹੈ। ਮਨੋਵਿਗਿਆਨੀ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਬੱਚਾ ਜਿੰਨੀ ਜਾਣਕਾਰੀ ਆਪਣੀ ਮਾਂ-ਬੋਲੀ ਰਾਹੀਂ ਗ੍ਰਹਿਣ ਕਰਦਾ ਹੈ, ਉੰਨੀ ਕਿਸੇ ਗ਼ੈਰ-ਬੋਲੀ ਰਾਹੀਂ ਨਹੀਂ।

ਪਰ ਇਸ ਦਾ ਇਹ ਅਰਥ ਨਹੀਂ ਕਿ ਸਾਨੂੰ ਹੋਰ ਭਾਸ਼ਾਵਾਂ ਸਿੱਖਣੀਆਂ ਹੀ ਨਹੀਂ ਚਾਹੀਦੀਆਂ। ਸਾਨੂੰ ਵੱਧ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ, ਤਾਂਕਿ ਵੱਖ-ਵੱਖ ਲੋਕਾਂ/ਦੇਸ਼ਾਂ ਵਿੱਚ ਵਿਚਰਦਿਆਂ ਸਾਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ ਪਰ ਹੋਰ ਭਾਸ਼ਾਵਾਂ ਦਾ ਗਿਆਨ ਮਾਂ-ਬੋਲੀ ਨੂੰ ਛੱਡ ਕੇ ਗ੍ਰਹਿਣ ਕਰਨਾ ਨਿੰਦਣਯੋਗ ਹੈ। ਬਕੌਲ ਸ਼ਾਇਰ :

**ਸਮਝੋ, ਸਿਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ।**
**'ਰੂਹੀ' ਉੱਚੀ ਆਖ ਸੁਣਾਵੇ, ਇਹਦੀ ਸ਼ਾਨ ਨਵਾਬੀ।**

ਮੈਂ ਕਈ ਘਰਾਂ ਵਿੱਚ ਵੇਖਿਆ ਹੈ ਕਿ ਮਾਤਾ-ਪਿਤਾ ਅਨਪੜ੍ਹ ਹੁੰਦੇ ਹੋਏ ਵੀ ਆਪਣੇ ਬੱਚਿਆਂ ਨੂੰ ਅੰਗ੍ਰੇਜ਼ੀ ਮੀਡੀਅਮ ਸਕੂਲਾਂ ਵਿੱਚ ਦਾਖ਼ਲ ਕਰਵਾਉਂਦੇ ਹਨ। ਅਨਪੜ੍ਹਾਂ ਦੀ ਤਾਂ ਗੱਲ ਹੀ ਛੱਡੋ, ਕਈ ਪੜ੍ਹੇ-ਲਿਖੇ ਮਾਪੇ ਤੇ ਇੱਥੋਂ ਤੱਕ ਕਿ ਪੰਜਾਬੀ ਭਾਸ਼ਾ ਪੜ੍ਹਾਉਂਦੇ/ਪੜ੍ਹ ਰਹੇ ਅਧਿਆਪਕ, ਜਿਹੜੇ ਸਾਰੀ ਉਮਰ ਪੰਜਾਬੀ ਦੇ ਸਿਰ ਤੇ ਮਾਣ-ਸਨਮਾਨ ਹਾਸਲ ਕਰਦੇ ਰਹੇ, ਮਾਂ-ਪਿਉ ਦੇ ਬੱਚੇ ਵੀ ਮਾਂ-ਬੋਲੀ ਨੂੰ ਤਿਲਾਂਜਲੀ ਦੇ ਕੇ ਹੋਰ ਭਾਸ਼ਾਵਾਂ ਵਿੱਚ ਪੜ੍ਹਦੇ-ਲਿਖਦੇ ਤੇ ਗੱਲਬਾਤ ਕਰਦੇ ਵੇਖੇ ਜਾਂਦੇ ਹਨ। ਉਨ੍ਹਾਂ ਦਾ ਖ਼ਿਆਲ ਹੁੰਦਾ ਹੈ ਕਿ ਪੰਜਾਬੀ ਦਾ ਕੀ ਹੈ, ਇਹ ਤਾਂ ਬੱਚਾ ਆਪਣੇ-ਆਪ ਸਿੱਖ ਜਾਵੇਗਾ, ਮਾਂ-ਬੋਲੀ ਜੁ ਹੋਈ ! ਪਰ ਨਹੀਂ, ਇਹ ਉਨ੍ਹਾਂ ਦਾ ਵਹਿਮ ਹੁੰਦਾ ਹੈ। ਇਹ ਵਹਿਮ ਟੁੱਟਦਿਆਂ ਦੇਰ ਨਹੀਂ ਲੱਗਦੀ। 'ਪੰਜਾਬੀ ਦੀਆਂ ਜੜ੍ਹਾਂ ਵਿੱਚ ਤੇਲ' ਤੇ 'ਆਓ ਪੰਜਾਬੀ ਨੂੰ ਕਤਲ ਕਰੀਏ' ਜਿਹੇ ਲੇਖ ਅਤੇ ਪੁਸਤਕਾਂ ਪੰਜਾਬੀ-ਹਿਤੈਸ਼ੀਆਂ ਵੱਲੋਂ ਲਿਖੀਆਂ ਗਈਆਂ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਦੀ ਦੁਰਗਤੀ, ਅਧੋਗਤੀ ਲਈ ਖ਼ੁਦ ਪੰਜਾਬੀ ਹੀ ਜ਼ੁੰਮੇਵਾਰ ਹਨ।

ਹਰ ਪ੍ਰਦੇਸ਼ ਦੀ ਆਪਣੀ ਭਾਸ਼ਾ ਹੁੰਦੀ ਹੈ ਤੇ ਉੱਥੋਂ ਦੇ ਵਾਸੀ ਨੂੰ ਆਪਣੀ ਮਾਂ-ਬੋਲੀ ਨਾਲ ਪਿਆਰ ਕਰਨਾ ਚਾਹੀਦਾ ਹੈ। ਮਾਂ-ਬੋਲੀ ਦੀ ਮਦਦ ਨਾਲ ਹੀ ਅਸੀਂ ਹੋਰ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰ ਸਕਦੇ ਹਾਂ। ਪੰਜਾਬੀ ਭਾਸ਼ਾ ਵਿੱਚ ਹਰ ਤਰ੍ਹਾਂ ਦੀ ਗੱਲ ਕੀਤੀ, ਕਹੀ ਅਤੇ ਸੁਣੀ ਜਾ ਸਕਦੀ ਹੈ। ਪੰਜਾਬੀ ਦੇ ਲੋਕਗੀਤਾਂ ਵਿੱਚ ਬੱਚਾ ਜੰਮਦਾ, ਵਿਆਹਿਆ ਜਾਂਦਾ ਅਤੇ ਅੰਤ ਵੈਣ-ਕੀਰਨਿਆਂ ਵਿੱਚ ਇਸ ਜਹਾਨ ਤੋਂ ਵਿਦਾ ਹੁੰਦਾ ਹੈ। ਪੰਜਾਬੀਆਂ ਕੋਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਮੁੱਢਲਾ ਤੇ ਅਨਮੋਲ ਸਰਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਸ ਵਿੱਚ ਅਧਿਆਤਮ ਦੀ ਗੱਲ ਤਾਂ ਹੈ ਹੀ, ਨਾਲੋ-ਨਾਲ ਮਨ, ਸਰੀਰ, ਸੱਭਿਆਚਾਰ, ਅਰਥ, ਰਾਜਨੀਤੀ ਆਦਿ ਬਾਰੇ ਵੀ ਅਟੱਲ ਸਚਾਈਆਂ ਮੌਜੂਦ ਹਨ।

ਮਾਂ-ਬੋਲੀ ਬਾਰੇ ਪੰਜਾਬੀ ਕਵੀਆਂ ਤੇ ਗੀਤਕਾਰਾਂ ਨੇ ਬਹੁਤ ਸੁੰਦਰ ਰਚਨਾਵਾਂ ਲਿਖੀਆਂ ਹਨ, ਜਿਨ੍ਹਾਂ 'ਚੋਂ ਮਾਂ-ਬੋਲੀ ਪ੍ਰਤੀ ਪਿਆਰ, ਸਤਿਕਾਰ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਆਓ, ਤੁਸੀਂ ਵੀ ਅਜਿਹੀਆਂ ਚੋਣਵੀਆਂ ਵੰਨਗੀਆਂ ਦੇ ਰੂਬਰੂ ਹੋਵੋ :

- **ਬੁੱਲ੍ਹੇ ਦਿਆਂ ਬੋਲਾਂ ਵਿੱਚ,**
  **ਹੈ ਸ਼ਾਨ ਪੰਜਾਬੀ ਦੀ ।**
  **ਜੱਲ੍ਹਣ ਦੇ ਟੋਟਕਿਆਂ,**
  **ਵਿੱਚ ਜਾਨ ਪੰਜਾਬੀ ਦੀ।**
  **ਝੱਲੇ ਹਨ 'ਕਾਦਰ' ਨੇ,**
  **ਕਈ ਨਾਜ਼ ਪੰਜਾਬੀ ਦੇ।**
  **ਖੋਲ੍ਹੇ ਹਨ 'ਪੂਰਨ' ਨੇ,**
  **ਕਈ ਰਾਜ਼ ਪੰਜਾਬੀ ਦੇ।**

**'ਹਾਸ਼ਮ' ਨੇ ਸੌਂਪ ਦਿੱਤਾ,**
**ਸਭ ਪਿਆਰ ਪੰਜਾਬੀ ਨੂੰ।**
**'ਵਾਰਸ' ਨੇ ਬਖ਼ਸ਼ ਦਿੱਤਾ,**
**ਸ਼ਿੰਗਾਰ ਪੰਜਾਬੀ ਨੂੰ।** (ਚਤਰ ਸਿੰਘ ਬੀਰ)

- **ਰਵ੍ਹਾਂ ਏਥੇ ਤੇ ਯੂ.ਪੀ. ਵਿੱਚ ਕਰਾਂ ਗੱਲਾਂ,**
  **ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ।**
  **ਮੈਂ ਪੰਜਾਬੀ, ਪੰਜਾਬੀ ਦਾ 'ਸ਼ਰਫ਼' ਸੇਵਕ,**
  **ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।**
  (ਫ਼ਿਰੋਜ਼ਦੀਨ ਸ਼ਰਫ਼)
- **ਉਰਦੂ ਦਾ ਮੈਂ ਦੋਖੀ ਨਾਹੀਂ,**
  **ਤੇ ਦੁਸ਼ਮਣ ਨਹੀਂ ਅੰਗ੍ਰੇਜ਼ੀ ਦਾ।**
  **ਪੁੱਛਦੇ ਓ ਮੇਰੇ ਦਿਲ ਦੀ ਬੋਲੀ,**
  **ਹਾਂ ਜੀ, ਹਾਂ ਪੰਜਾਬੀ ਏ।**
  (ਚਿਰਾਗਦੀਨ ਦਾਮਨ)
- **ਆਂਢਣਾਂ ਗੁਆਂਢਣਾਂ ਵੀ ਸੜ ਮੱਚ ਜਾਣ ਓਦੋਂ,**
  **ਗੱਲ ਸਮਝ ਲੈਣ ਜਦੋਂ ਮੇਰੇ ਰੋਅਬ ਦਾਬ ਦੀ।**
  **ਤੈਨੂੰ ਮੁਬਾਰਕ ਮਿੱਟੀ ਸੈਆਂ ਮੁਲਕਾਂ ਦੀ,**
  **ਭੁੱਲੀਂ ਨਾ ਮੈਨੂੰ, ਮੈਂ ਬੋਲੀ ਹਾਂ ਪੰਜਾਬ ਦੀ।**
  (ਕੰਵਰ ਇਮਤਿਆਜ਼)
- **ਸ੍ਰੀ ਗੁਰੂ ਗ੍ਰੰਥ ਦਿਆਂ ਸ਼ਬਦਾਂ ਵਿੱਚ,**
  **ਲਿਸ਼ਕਣ ਤੇਰੇ ਮੋਤੀ।**
  **ਸਰੋਵਰ ਦੇ ਵਿੱਚ ਸਰਗਮ ਹੋ ਕੇ,**
  **ਜਗਮਗ ਜਗਦੀ ਜੋਤੀ।** (ਸੁਰਜੀਤ ਪਾਤਰ)
- **ਪਿਉ ਦਾਦੇ ਦਾ ਖੋਲ੍ਹ ਵੇਖੀਏ,**
  **ਇਹ ਅਨਮੋਲ ਖ਼ਜ਼ਾਨਾ।**
  **ਆਪਸ ਵਿੱਚ ਪੰਜਾਬੀ ਬੋਲੋ,**
  **ਕੋਈ ਨਾ ਦਿੱਸੇ ਬਿਗਾਨਾ।** (ਨਵ ਸੰਗੀਤ ਸਿੰਘ)

ਇਹ ਅਤੇ ਇਹੋ ਜਿਹੀਆਂ ਕਰੀਬ ਸੈਂਕੜੇ ਕਵਿਤਾਵਾਂ ਪਰਮਜੀਤ ਪਰਮ ਵੱਲੋਂ ਸੰਪਾਦਤ ਪੁਸਤਕ 'ਮਾਂ ਬੋਲੀ ਦੇ ਸਿਰਨਾਵੇਂ' ਵਿੱਚੋਂ ਪੜ੍ਹੀਆਂ ਜਾ ਸਕਦੀਆਂ ਹਨ। 168 ਪੰਨਿਆਂ ਦੀ ਇਸ ਖ਼ੂਬਸੂਰਤ ਪੁਸਤਕ ਨੂੰ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਮਾਂ-ਬੋਲੀ ਪੰਜਾਬੀ ਨਾਲ ਪਿਆਰ ਕਰਨ ਵਾਲੇ ਹਰ ਪੰਜਾਬੀ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

*ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,*
*ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ (ਬਠਿੰਡਾ)*
*151302 (ਪੰਜਾਬ)*

# ਦੋ ਗ਼ਜ਼ਲਾਂ

## ਸੁਬੇਗ ਸੱਧਰ

**(i)**

ਬੋਲੀ ਪੰਜਾਬੀਆਂ ਦੀ ਮਿਸ਼ਰੀ ਸਮਾਨ ਲੱਗੇ।
ਦੁਨੀਆ 'ਚ ਸਭ ਤੋਂ ਮਿੱਠੀ ਆਪਣੀ ਜ਼ੁਬਾਨ ਲੱਗੇ।

ਪੁੱਤਰ ਪੰਜਾਬ ਦੇ ਅੱਜ ਰੁਲਦੇ ਵਿਦੇਸ਼ਾਂ ਦੇ ਵਿੱਚ,
ਛੱਡ ਕੇ ਪਿਤਾ ਤੇ ਮਾਂ ਨੂੰ ਡਾਲਰ ਕਮਾਉਣ ਲੱਗੇ।

ਨਿੰਮੜੀ ਦੀ ਛਾਂ ਰਹੀ ਨਾ ਬੀਜਣ ਸਫ਼ੈਦਿਆਂ ਨੂੰ,
ਟਾਹਲੀ ਤੇ ਕਿੱਕਰਾਂ ਨੂੰ ਜੜ੍ਹ ਤੋਂ ਮੁਕਾਉਣ ਲੱਗੇ।

ਦੁਸ਼ਮਣ ਭਰਾ ਬਣੇ ਹਨ ਭੈਣਾਂ ਨੂੰ ਗ਼ੈਰ ਸਮਝਣ,
ਗਲੀਆਂ 'ਚ ਰਾਤ ਵੇਲੇ ਬੱਕਰੇ ਬੁਲਾਉਣ ਲੱਗੇ।

ਆਪਣਾ 'ਸੁਬੇਗ' ਆਪਣਾ ਹੁੰਦਾ ਹੈ ਦੇਖ ਲੈਣਾ,
ਬਾਹਰ ਦੇ ਲੋਕ ਬੰਦੇ ਘਰ ਦੇ ਸਤਾਉਣ ਲੱਗੇ।

**(ii)**

ਮੈਨੂੰ ਕਿਵੇਂ ਇਹ ਪਿਆਰ ਦੇ ਜਜ਼ਬਾਤ ਮਿਲ ਗਏ ।
ਜੀਕਣ ਕਿਸੇ ਨੂੰ ਲਾਲ ਜਵਾਹਰਾਤ ਮਿਲ ਗਏ।

ਆਪਣੇ ਹੀ ਮੁੱਕਰ ਜਾਣ ਤਾਂ ਜੀਣਾ ਮੁਹਾਲ ਹੈ,
ਕਿੰਨੇ ਸਵਾਲ ਬਾਅਦ ਮੁਲਾਕਾਤ ਮਿਲ ਗਏ।

ਮਿਲਿਆ ਜਵਾਬ ਰੋਜ਼ ਹੀ ਆਪਣੇ ਸਵਾਲ ਦਾ,
ਮਿੱਤਰਾਂ ਦੇ ਨਾਲ ਕੁਝ ਖ਼ਿਆਲਾਤ ਮਿਲ ਗਏ।

ਆਪਣਾ ਸਫ਼ਰ ਹੈ ਦਰਦ ਦਾ ਮੰਜ਼ਲ ਨਹੀਂ ਕੁਈ,
ਖ਼ੁਸ਼ ਹਾਂ ਕਿ ਇਸ ਤਰ੍ਹਾਂ ਦੇ ਜੂ ਹਾਲਾਤ ਮਿਲ ਗਏ।

ਹੈ ਜ਼ਿੰਦਗੀ ਸਵਾਲ ਨਾ ਪਰ ਹੈ ਜਵਾਬ ਕੁਝ,
ਐਸੇ 'ਸੁਬੇਗ' ਨੂੰ ਵੀ ਸਵਾਲਾਤ ਮਿਲ ਗਏ।

***'ਚਿਤਕਬਰੀ ਸ਼ਾਮ' (ਗ਼ਜ਼ਲ ਸੰਗ੍ਰਹਿ) 'ਚੋਂ ਸਾਭਾਰ***

**ਕਹਾਣੀ**

# ਚਾਬੀਆਂ ਦਾ ਗੁੱਛਾ

***ਦਲੀਪ ਸਿੰਘ ਵਾਸਨ***

ਮੈਂ ਬਹੁਤ ਹੀ ਨਿੱਕੀ ਸਾਂ। ਮੇਰੀ ਮਾਂ ਸਰਦਾਰ ਪ੍ਰੀਤਮ ਸਿੰਘ ਜੀ ਦੇ ਘਰ ਨੌਕਰੀ ਕਰਦੀ ਸੀ ਅਤੇ 1947 ਦੇ ਗ਼ਦਰਾਂ ਵਿੱਚ ਸਰਦਾਰ ਪ੍ਰੀਤਮ ਸਿੰਘ, ਉਨ੍ਹਾਂ ਦੀ ਪਤਨੀ ਅਤੇ ਮੇਰੀ ਮਾਂ ਸਾਰੇ ਹੀ ਲਾਹੌਰ ਮਾਰੇ ਗਏ ਸਨ। ਮਾਲਕਾਂ ਦੀ ਲੜਕੀ ਸਿਮਰਨ ਅਤੇ ਮਾਲਕਾਂ ਦਾ ਲੜਕਾ ਸੁਖਦਿਆਲ ਸਿੰਘ ਜਿਊਂਦੇ ਇੱਧਰ ਆ ਗਏ ਸਨ। ਮੈਨੂੰ ਵੀ ਨਾਲ ਹੀ ਲੈ ਆਏ ਸਨ। ਉਸ ਵਕਤ ਸਿਮਰਨ ਸਤਾਰਾਂ-ਅਠਾਰਾਂ ਸਾਲਾਂ ਦੀ ਸੀ ਅਤੇ ਕਾਕਾ ਮਸਾਂ ਅੱਠਾਂ ਕੁ ਸਾਲਾਂ ਦਾ ਸੀ। ਮੇਰੇ ਬਾਰੇ ਇਹ ਆਖਿਆ ਜਾਂਦਾ ਹੈ ਕਿ ਮੈਂ ਮਸਾਂ ਪੰਜ ਸਾਲਾਂ ਦੀ ਸਾਂ। ਇੱਧਰ ਆ ਕੇ ਸਿਮਰਨ ਦਾ ਚਾਚਾ ਹੀ ਸਾਡੀ ਦੇਖਭਾਲ ਕਰਦਾ ਸੀ। ਉਸੇ ਨੇ ਹੀ ਹਿੰਮਤ ਕਰਕੇ ਸਿਮਰਨ ਅਤੇ ਸੁਖਦਿਆਲ ਸਿੰਘ ਨੂੰ ਪਾਕਿਸਤਾਨ ਵਿੱਚ ਰਹਿ ਗਈ ਜਾਇਦਾਦ ਦਾ ਕਲੇਮ ਦਿਵਾ ਦਿੱਤਾ ਸੀ। ਸਾਨੂੰ ਇੱਧਰ ਇਕ ਚੰਗਾ ਮਕਾਨ ਮਿਲ ਗਿਆ ਸੀ ਅਤੇ ਸਿਮਰਨ ਨੂੰ ਕਾਫ਼ੀ ਸਾਰੀ ਰਕਮ ਵੀ ਮਿਲ ਗਈ ਸੀ। ਮੇਰੀ ਮਾਂ ਦੀ ਕੋਈ ਜਾਇਦਾਦ ਹੈ ਸੀ ਜਾਂ ਨਹੀਂ ਸੀ, ਮੈਨੂੰ ਤਾਂ ਕੋਈ ਪਤਾ ਨਹੀਂ ਸੀ। ਮੇਰੇ ਪਾਪਾ ਤਾਂ ਮੈਂ ਕਦੀ ਦੇਖੇ ਹੀ ਨਹੀਂ ਸਨ। ਸਿਮਰਨ ਨੂੰ ਵੀ ਕੋਈ ਪਤਾ ਨਹੀਂ ਸੀ ਅਤੇ ਇਹੀ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਉਹ ਮੇਰੇ ਬਚਪਨ ਵਿੱਚ ਹੀ ਮਰ ਗਏ ਸਨ। ਸਿਮਰਨ ਅਤੇ ਚਾਚਾ ਜੀ ਨੇ ਮੈਨੂੰ ਆਪਣੇ ਨਾਲ ਹੀ ਰੱਖਿਆ ਸੀ ਅਤੇ ਮੈਨੂੰ ਵੀ ਸਕੂਲ ਦਾਖ਼ਲ ਕਰਵਾ ਦਿੱਤਾ ਸੀ। ਜਿਉਂ-ਜਿਉਂ ਮੈਂ ਵੱਡੀ ਹੁੰਦੀ ਜਾਂਦੀ ਸਾਂ, ਮੇਰੀ ਸਮਝ ਵਿੱਚ ਇਹ ਤਾਂ ਆਉਣ ਲੱਗ ਪਿਆ ਸੀ ਕਿ ਮੈਂ ਸਰਦਾਰ ਪ੍ਰੀਤਮ ਸਿੰਘ ਦੀ ਲੜਕੀ ਨਹੀਂ ਹਾਂ, ਕਿਉਂਕਿ ਸਿਮਰਨ ਜਿਸ ਕਿਸੇ ਨਾਲ ਵੀ ਮੇਰੇ ਬਾਰੇ ਗੱਲ ਕਰਦੀ ਸੀ ਤਾਂ ਇਹੀ ਆਖਦੀ ਸੀ ਕਿ ਮੈਂ ਉਨ੍ਹਾਂ ਦੀ ਨੌਕਰਾਣੀ ਦੀ ਧੀ ਹਾਂ ਅਤੇ ਮੇਰੀ ਮਾਂ ਹੱਲਿਆਂ ਵਿੱਚ ਮਾਰੀ ਗਈ ਸੀ।

ਚਾਚਾ ਜੀ ਹੀ ਸਾਡੀ ਦੇਖਭਾਲ ਕਰਦੇ ਸਨ ਅਤੇ ਉਨ੍ਹਾਂ ਨੇ ਮੈਨੂੰ ਸਕੂਲੋਂ ਹਟਾਇਆ ਨਹੀਂ ਸੀ। ਮੈਟ੍ਰਿਕ ਬਾਅਦ ਮੈਂ ਕਾਲਜ ਵਿੱਚ ਦਾਖ਼ਲ ਹੋ ਗਈ ਸਾਂ ਅਤੇ ਬੀ.ਏ. ਵੀ ਕਰ ਗਈ ਸਾਂ। ਮੈਂ ਵੀ ਗੋਰੀ-ਚਿੱਟੀ ਸਾਂ ਅਤੇ ਲੱਗਦਾ ਹੈ ਇਸੇ ਕਰਕੇ ਚਾਚਾ ਜੀ ਮੈਨੂੰ ਵੀ ਘਰ ਦਾ ਜੀਅ ਹੀ ਸਮਝ ਕੇ ਹੀ ਪੜ੍ਹਾ ਰਹੇ ਸਨ। ਜਲਦੀ ਕੀਤਿਆਂ ਕਿਸੇ ਨੂੰ ਇਹ ਪਤਾ ਨਹੀਂ ਸੀ ਲੱਗਦਾ ਕਿ ਮੈਂ ਇਸ ਘਰ ਦੀ ਮੈਂਬਰ ਨਹੀਂ ਹਾਂ।

ਸਿਮਰਨ ਜਾਣਦੀ ਸੀ ਕਿ ਮੈਂ ਨੌਕਰਾਣੀ ਦੀ ਧੀ ਹਾਂ, ਪਰ ਕਿਤਨੇ ਹੀ ਸਾਲ ਇਹ ਗੱਲ ਮੇਰੇ ਪਾਸੋਂ ਛੁਪਾ ਕੇ ਰੱਖੀ ਗਈ ਸੀ। ਮੈਂ ਵੀ ਬੀ.ਏ. ਕਰ ਗਈ ਸਾਂ ਅਤੇ ਕਾਕਾ ਇੰਜੀਨੀਅਰਿੰਗ ਕਰਕੇ ਨੌਕਰ ਵੀ ਹੋ ਗਿਆ ਸੀ। ਸਿਮਰਨ ਦਾ ਵਿਆਹ ਹੋ ਗਿਆ ਸੀ, ਪਰ ਹਾਲਾਂ ਉਸ ਨੇ ਘਰ ਛੱਡਿਆ ਨਹੀਂ ਸੀ ਅਤੇ ਆਪਣੇ ਭਰਾ ਲਈ ਰਿਸ਼ਤਾ ਢੂੰਡ ਰਹੀ ਸੀ। ਸਿਮਰਨ ਦਾ ਘਰ ਵਾਲਾ ਇਕ ਡਾਕਟਰ ਸੀ ਅਤੇ ਉਹ ਮੇਰੇ ਉੱਤੇ ਰਹਿਮ ਵੀ ਖਾਂਦਾ ਸੀ ਅਤੇ ਇਹ ਵੀ ਚਾਹੁੰਦਾ ਸੀ ਕਿ ਮੈਂ ਵੀ ਕਿਸੇ ਤਰ੍ਹਾਂ ਜੀਵਨ ਵਿੱਚ ਸੈੱਟ ਹੋ ਜਾਵਾਂ। ਉਸ ਦੀ ਹਿੰਮਤ ਨਾਲ ਮੈਨੂੰ ਬੀ.ਐੱਡ. ਕਰਵਾ ਦਿੱਤੀ ਗਈ ਸੀ ਅਤੇ ਮੈਂ ਇਕ ਪ੍ਰਾਈਵੇਟ ਸਕੂਲ ਵਿੱਚ ਨੌਕਰ ਹੋ ਗਈ ਸਾਂ।

ਘਰ ਵਿੱਚ ਕੋਈ ਵੀ ਆਉਂਦਾ ਸੀ ਤਾਂ ਮੈਂ ਹੀ ਆਏ-ਗਏ ਦੀ ਸੇਵਾ ਕਰਦੀ ਸਾਂ ਅਤੇ ਹਰ ਕੋਈ ਮੇਰੇ ਬਾਰੇ ਹੀ ਪੁੱਛਦਾ ਰਹਿੰਦਾ ਸੀ। ਇਹ ਗੱਲ ਮੇਰੇ ਵੀ ਸਮਝ ਵਿੱਚ ਆ ਗਈ ਸੀ ਕਿ ਸੁਖਦਿਆਲ ਸਿੰਘ ਦਾ ਰਿਸ਼ਤਾ ਇਸ ਲਈ ਨਹੀਂ ਸੀ ਹੋ ਰਿਹਾ ਕਿਉਂਕਿ ਮੈਂ ਉਸ ਘਰ ਵਿੱਚ ਹਾਜ਼ਰ ਸਾਂ। ਹਰ ਕੋਈ ਇਹੀ ਆਖਦਾ ਸੀ ਕਿ ਇਤਨੀ ਸੋਹਣੀ ਲੜਕੀ ਘਰ ਵਿੱਚ ਹੈ, ਪੜ੍ਹੀ-ਲਿਖੀ ਹੈ, ਇਸ ਨਾਲ ਇਸ ਲੜਕੇ ਸੁਖਦਿਆਲ ਸਿੰਘ ਦੇ ਸੰਬੰਧ ਠੀਕ ਨਹੀਂ ਹੋ ਸਕਦੇ। ਹਰ ਕੋਈ ਇਹੀ ਸਮਝੀ ਜਾਂਦਾ ਸੀ ਕਿ ਜਦ ਤੱਕ ਇਹ ਲੜਕੀ ਇਸ ਘਰ ਵਿੱਚ ਰਹੇਗੀ, ਉਨ੍ਹਾਂ ਦੀ ਧੀ ਸੌਖੀ ਨਹੀਂ ਰਹਿ ਸਕਦੀ ਅਤੇ ਇਸ ਕਰਕੇ ਸੁਖਦਿਆਲ ਦੇ ਰਿਸ਼ਤੇ ਦੀ ਗੱਲ ਹਰ ਵਾਰੀ ਫੇਲ੍ਹ ਹੋ ਜਾਂਦੀ ਸੀ। ਕੋਈ ਵੀ ਰਿਸ਼ਤਾ ਸਿਰੇ ਨਹੀਂ ਸੀ ਚੜ੍ਹਦਾ। ਸੁਖਦਿਆਲ ਵੀ ਹੈਰਾਨ ਸੀ ਕਿ ਰਿਸ਼ਤਾ ਕਿਉਂ ਨਹੀਂ ਹੋ ਰਿਹਾ।

ਸਿਮਰਨ ਆਪਣੇ ਚਾਚਾ ਜੀ ਅਤੇ ਆਪਣੇ ਪਤੀ ਨੂੰ ਇਹੀ ਆਖਦੀ ਰਹਿੰਦੀ ਸੀ ਕਿ ਕਿਸੇ ਤਰ੍ਹਾਂ ਇਸ ਲੜਕੀ ਅਰਥਾਤ ਮੈਨੂੰ ਪਾਸੇ ਕੀਤਾ ਜਾਵੇ। ਉਹ ਚਾਹੁੰਦੀ ਸੀ ਕਿ ਮੈਨੂੰ ਹੁਣ ਕਿਧਰੇ ਵਸਾ ਦਿੱਤਾ ਜਾਵੇ ਅਤੇ ਪਾਸੇ ਕਰ ਦਿੱਤਾ ਜਾਵੇ। ਪਰ ਚਾਚਾ ਜੀ ਆਖਦੇ ਸਨ ਕਿ ਬੇਟਾ ਇਹ ਲੜਕੀ ਸਾਡੇ ਘਰ ਦਾ

ਹੀ ਜੀਅ ਬਣ ਗਈ ਹੈ ਅਤੇ ਇਤਨੇ ਸਾਲ ਸਾਡੇ ਨਾਲ ਰਹਿਣ ਕਰਕੇ ਇਹ ਹੁਣ ਇਸ ਘਰ ਦੀ ਧੀਆਂ ਵਰਗੀ ਹੈ। ਸਿਮਰਨ ਦਾ ਪਤੀ ਵੀ ਇਹੀ ਆਖਿਆ ਕਰਦਾ ਸੀ। ਉਹਦੀ ਮੈਂ ਸੇਵਾ ਵੀ ਬਹੁਤ ਕਰਦੀ ਸਾਂ ਅਤੇ ਉਹ ਪਹਿਲੇ ਦਿਨ ਤੋਂ ਹੀ ਮੇਰੇ ਨਾਲ ਹਮਦਰਦੀ ਰੱਖਦਾ ਸੀ। ਵੈਸੇ ਸਿਮਰਨ ਵੀ ਮੈਨੂੰ ਨਫ਼ਰਤ ਨਹੀਂ ਸੀ ਕਰਦੀ, ਪਰ ਆਪਣੇ ਭਰਾ ਦਾ ਵਿਆਹ ਨਾ ਹੁੰਦਾ ਵੇਖ ਕੇ ਮੈਨੂੰ ਹੀ ਵੱਡੀ ਅੜਚਣ ਸਮਝਦੀ ਸੀ। ਉਹ ਮੈਨੂੰ ਘਰ ਰੱਖਣ ਲਈ ਤਿਆਰ ਨਹੀਂ ਸੀ।

ਸੁਖਦਿਆਲ ਮੇਰੇ ਉੱਤੇ ਨਿਰਭਰ ਸੀ ਅਤੇ ਮੈਂ ਹੀ ਉਸ ਦੀ ਦੇਖਭਾਲ ਕਰਦੀ ਸਾਂ। ਮੇਰੀਆਂ ਸਹੇਲੀਆਂ ਨੂੰ ਮੈਂ ਦੱਸ ਦਿੱਤਾ ਸੀ ਕਿ ਮੈਂ ਇਨ੍ਹਾਂ ਦੀ ਨੌਕਰਾਣੀ ਦੀ ਧੀ ਹਾਂ ਅਤੇ ਇਹ ਕਦੀ ਵੀ ਸੁਖਦਿਆਲ ਨਾਲ ਮੇਰੀ ਸ਼ਾਦੀ ਨਹੀਂ ਕਰਨਗੇ। ਇਹ ਗੱਲ ਬਹੁਤ ਹੀ ਘੱਟ ਲੋਕਾਂ ਨੂੰ ਪਤਾ ਸੀ। ਸਿਮਰਨ ਵੀ ਕਦੀ-ਕਦੀ ਆਪਣੇ ਭਰਾ ਨਾਲ ਅਤੇ ਆਪਣੇ ਪਤੀ ਨਾਲ ਇਹ ਗੱਲਾਂ ਕਰਦੀ ਸੁਣੀ ਗਈ ਸੀ ਕਿ ਜਦ ਤੱਕ ਮੈਂ ਇਸ ਘਰ ਵਿੱਚ ਹਾਂ, ਸੁਖਦਿਆਲ ਦਾ ਰਿਸ਼ਤਾ ਹੋਣ ਦੀਆਂ ਸੰਭਾਵਨਾਵਾਂ ਨਹੀਂ ਹਨ। ਇਹ ਆਖਿਆ ਜਾਂਦਾ ਹੈ ਕਿ ਇਨ੍ਹਾਂ ਪਾਸ ਇਤਨੀ ਸੋਹਣੀ ਲੜਕੀ ਮੌਜੂਦ ਹੈ। ਫਿਰ ਇਹ ਬਾਹਰ ਰਿਸ਼ਤਾ ਕਿਉਂ ਭਾਲ ਰਹੇ ਹਨ। ਇਹ ਗੱਲਾਂ ਮੈਂ ਵੀ ਸੁਣਦੀ ਰਹਿੰਦੀ ਸਾਂ ਅਤੇ ਮੈਂ ਆਪ ਵੀ ਕਈ ਵਾਰੀ ਸ਼ੀਸ਼ੇ ਅੱਗੇ ਖਲੋ ਕੇ ਆਪਣੀ ਸ਼ਕਲ-ਸੂਰਤ ਦੇਖ ਲਈ ਸੀ। ਮੈਂ ਸੋਹਣੀ ਤਾਂ ਸਾਂ ਪਰ ਮੈਂ ਮਾਲਕਾਂ ਦੀ ਨੌਕਰਾਣੀ ਦੀ ਧੀ ਸਾਂ ਜਿਸ ਦੀ ਜਾਤੀ ਦਾ ਕਿਸੇ ਨੂੰ ਪਤਾ ਨਹੀਂ ਸੀ। ਮੈਂ ਸੋਹਣੀ ਸਾਂ, ਪੜ੍ਹ-ਲਿਖ ਵੀ ਗਈ ਸਾਂ ਅਤੇ ਬੀ.ਐਡ. ਵੀ ਕਰ ਲਈ ਸੀ, ਪਰ ਹਾਲਾਂ ਵੀ ਮੇਰੇ ਵਿੱਚ ਨਾ ਤਾਂ ਆਤਮ-ਵਿਸ਼ਵਾਸ ਆਇਆ ਸੀ ਅਤੇ ਨਾ ਹੀ ਮੈਂ ਘਟੀਆਪਣ ਦੇ ਅਹਿਸਾਸ ਤੋਂ ਬਾਹਰ ਨਿਕਲੀ ਸਾਂ। ਮੈਂ ਸੁਖਦਿਆਲ ਨੂੰ ਪਿਆਰ ਕਰਦੀ ਸਾਂ ਜਾਂ ਸਿਰਫ਼ ਉਸ ਦਾ ਸਤਿਕਾਰ ਕਰਦੀ ਸਾਂ, ਇਹ ਫ਼ਰਕ ਵੀ ਹਾਲਾਂ ਮੈਨੂੰ ਪਤਾ ਨਹੀਂ ਸੀ ਲੱਗਾ ਅਤੇ ਸੁਖਦਿਆਲ ਨੇ ਵੀ ਕਦੀ ਮੇਰੇ ਨਾਲ ਕੋਈ ਮਾੜੀ ਹਰਕਤ ਨਹੀਂ ਸੀ ਕੀਤੀ ਜਿਸ ਤੋਂ ਮੈਂ ਇਹ ਅੰਦਾਜ਼ਾ ਲਗਾ ਸਕਾਂ ਕਿ ਉਹ ਮੈਨੂੰ ਦਿਲੋਂ ਚਾਹੁੰਦਾ ਹੈ। ਉਹ ਬਸ ਮੇਰੇ ਵੱਲ ਵੇਖੀ ਜਾਂਦਾ ਸੀ ਅਤੇ ਆਪ ਸਵੇਰੇ ਤਿਆਰ ਹੋ ਕੇ ਨੌਕਰੀ ਉੱਤੇ ਵੀ ਨਹੀਂ ਸੀ ਜਾ ਸਕਦਾ। ਉਸ ਅੱਗੇ ਮੈਂ ਹੀ ਹਰ ਸ਼ੈਅ ਰੱਖੀ ਜਾਂਦੀ ਸਾਂ ਅਤੇ ਉਸ ਨੂੰ ਤਿਆਰ ਕਰਦੀ ਸਾਂ। ਮੈਨੂੰ ਹੀ ਪਤਾ ਹੁੰਦਾ ਸੀ ਕਿ ਉਹ ਕੀ ਖਾਵੇਗਾ ਅਤੇ ਅੱਜ ਉਸ ਨੇ ਕਿਤਨੇ ਵਜੇ ਨੌਕਰੀ ਉੱਤੇ ਜਾਂ ਕਿਧਰੇ ਹੋਰ ਜਾਣਾ ਹੈ। ਘਰ ਜਿਤਨੇ ਵੀ ਲੋਕੀਂ ਆਉਂਦੇ ਸਨ ਉਨ੍ਹਾਂ ਦੀ ਸੇਵਾ ਮੈਂ ਹੀ ਕਰਦੀ ਸਾਂ ਅਤੇ ਹਰ ਕੋਈ ਮੇਰੀ ਤਾਰੀਫ਼ ਕਰਦਾ ਸੀ।

ਮੈਨੂੰ ਪਤਾ ਸੀ ਕਿ ਅੰਬਾਲੇ ਤੋਂ ਕੋਈ ਰਿਸ਼ਤਾ ਆਇਆ ਹੋਇਆ ਹੈ ਅਤੇ ਅੱਜ ਸਿਮਰਨ ਅਤੇ ਕਾਕਾ ਸੁਖਦਿਆਲ ਨੇ ਅੰਬਾਲੇ ਜਾਣਾ ਹੈ। ਅਤੇ ਕਾਕੇ ਦੇ ਜੀਜਾ ਜੀ ਵੀ ਇੱਥੇ ਨਹੀਂ ਸਨ। ਅੱਜ ਇਹ ਸਵਾਲ ਆਣ ਖੜਾ ਹੋਇਆ ਸੀ ਕਿ ਚਾਬੀਆਂ ਦਾ ਗੁੱਛਾ ਕਿਸ ਨੂੰ ਦੇ ਕੇ ਜਾਇਆ ਜਾਵੇ ਕਿਉਂਕਿ ਘਰ ਵਿੱਚ ਕੁਝ ਕੀਮਤੀ ਚੀਜ਼ਾਂ ਆਈਆਂ ਹੋਈਆਂ ਸਨ। ਸਿਮਰਨ ਚਾਬੀਆਂ ਦਾ ਗੁੱਛਾ ਮੈਨੂੰ ਨਹੀਂ ਸੀ ਦੇਣਾ ਚਾਹੁੰਦੀ। ਤਿਆਰੀ ਹੋ ਗਈ ਅਤੇ ਹੁਣ ਮਸਲਾ ਚਾਬੀਆਂ ਸੰਭਾਲਣ ਦਾ ਸੀ। ਮੈਂ ਸਾਰੀ ਗੱਲ ਸਮਝ ਗਈ ਸਾਂ ਇਸ ਲਈ ਆਖ ਦਿੱਤਾ ਸੀ ਕਿ ਮੈਂ ਐੱਮ.ਏ. ਵਿੱਚ ਦਾਖ਼ਲੇ ਲਈ ਕਾਲਜ ਜਾਣਾ ਹੈ। ਜਦ ਮੈਂ ਜਾਣ ਲੱਗੀ ਸਾਂ ਤਾਂ ਕਾਕਾ ਕਦੀ ਕੁਝ ਅਤੇ ਕਦੀ ਕੁਝ ਮੇਰੇ ਪਾਸੋਂ ਮੰਗ ਰਿਹਾ ਸੀ। ਮੈਨੂੰ ਪਤਾ ਸੀ ਕਿ ਕਾਕੇ ਦੀਆਂ ਚੀਜ਼ਾਂ ਕਿੱਥੇ ਕਿੱਥੇ ਪਈਆਂ ਹਨ। ਸਿਮਰਨ ਇਹ ਸਾਰਾ ਕੁਝ ਸੁਣ ਵੀ ਰਹੀ ਸੀ ਅਤੇ ਦੇਖ ਵੀ ਰਹੀ ਸੀ। ਉਹ ਅੱਜ ਬਹੁਤ ਹੀ ਖਿਝੀ ਹੋਈ ਸੀ। ਉਹ ਕਈ ਵਾਰੀ ਕਾਕੇ ਨੂੰ ਝਿੜਕ ਵੀ ਚੁੱਕੀ ਸੀ।

ਆਖ਼ਰ ਕਾਕਾ ਤਿਆਰ ਹੋ ਗਿਆ ਅਤੇ ਬਾਹਰ ਆ ਕੇ ਉਸ ਨੇ ਮਕਾਨ ਨੂੰ ਤਾਲੇ ਲਗਾ ਦਿੱਤੇ। ਚਾਬੀਆਂ ਦਾ ਗੁੱਛਾ ਸਿਮਰਨ ਨੇ ਮੰਗ ਲਿਆ। ਸਿਮਰਨ ਮੈਨੂੰ ਆਖ ਰਹੀ ਸੀ ਕਿ ਮੇਰੇ ਆਉਣ ਤੱਕ ਉਹ ਵਾਪਸ ਆ ਜਾਣਗੇ। ਸਿਮਰਨ ਅੱਗੇ ਵਧੀ ਅਤੇ ਕਾਕੇ ਨੂੰ ਪਤਾ ਨਹੀਂ ਕੀ ਸੁੱਝਿਆ, ਉਸ ਚਾਬੀਆਂ ਦਾ ਗੁੱਛਾ ਮੇਰੇ ਵੱਲ ਵਗਾਹ ਮਾਰਿਆ ਅਤੇ ਆਖਿਆ, "ਊਸ਼ਾ ਵਕਤ ਸਿਰ ਘਰ ਆ ਜਾਵੀਂ, ਅਸੀਂ ਤਿੰਨ-ਚਾਰ ਵਜੇ ਤੱਕ ਘਰ ਪਰਤ ਆਵਾਂਗੇ।" ਅੱਜ ਪਤਾ ਨਹੀਂ ਕਾਕੇ ਦੇ ਦਿਲ ਵਿੱਚ ਕੀ ਆਇਆ। ਸਿਮਰਨ ਅੱਗ-ਬਗੋਲਾ ਹੋ ਗਈ। ਉਹ ਕਾਕੇ ਉੱਤੇ ਕੁੱਦ-ਕੁੱਦ ਪੈ ਰਹੀ ਸੀ। ਕਿਤਨਾ ਕੁਝ ਬੋਲੀ ਜਾ ਰਹੀ ਸੀ। ਕਾਕਾ ਸਮਝ ਗਿਆ ਸੀ ਕਿ ਸਿਮਰਨ ਚਾਬੀਆਂ ਮੈਨੂੰ ਦੇਣ ਲਈ ਤਿਆਰ ਨਹੀਂ ਸੀ। ਉਸ ਤਾਂ ਆਖ ਵੀ ਦਿੱਤਾ ਕਿ ਇਹ ਊਸ਼ਾ ਸਾਡੀ ਕੀ ਲੱਗਦੀ ਹੈ ? ਇਹ ਘਰ ਦੀਆਂ ਚਾਬੀਆਂ ਕਿਵੇਂ ਰੱਖ ਸਕਦੀ ਹੈ ?

ਕਾਕੇ ਨੇ ਅੱਗੇ ਵਧ ਕੇ ਮੇਰੇ ਹੱਥੋਂ ਚਾਬੀਆਂ ਵਾਪਸ ਲੈ ਲਈਆਂ ਅਤੇ ਮੁੜ ਤਾਲੇ ਖੋਲ੍ਹਣ ਲੱਗਾ, ਉਸ ਦੇ ਮੂੰਹੋਂ ਨਿਕਲ ਗਿਆ, "ਦੀਦੀ ਚੱਲੋ ਅੰਦਰ ਚਲਦੇ ਹਾਂ। ਇਹ ਊਸ਼ਾ ਹੀ ਮੇਰੇ ਲਈ ਠੀਕ ਹੈ। ਇਸ ਬਗ਼ੈਰ ਮੇਰੀ ਦੇਖਭਾਲ ਕੋਈ ਨਹੀਂ ਕਰ ਸਕਦਾ।" ਸਿਮਰਨ ਹੱਕੀ-ਬੱਕੀ ਹੋ ਕੇ ਰਹਿ ਗਈ ਅਤੇ ਜਦ ਊਸ਼ਾ ਨੇ ਦਰਵਾਜ਼ੇ ਖੋਲ੍ਹ ਦਿੱਤੇ ਤਾਂ ਸਿਮਰਨ ਵੀ ਅੰਦਰ ਆ ਗਈ। ਇਤਨੇ ਵਿੱਚ ਜੀਜਾ ਜੀ ਵੀ ਆ ਗਏ ਅਤੇ ਜਦ ਸਿਮਰਨ ਨੇ ਇਹ ਗੱਲ ਦੁਹਰਾਈ

*(ਬਾਕੀ ਸਫ਼ਾ 20 'ਤੇ)*

**ਬਾਲ ਕਹਾਣੀ**

# ਤਾਸ਼ ਦੀ ਬਾਜੀ

**ਬਲਜਿੰਦਰ ਮਾਨ**

ਮੇਰੇ ਪਿੰਡ ਦਾ ਥੜ੍ਹਾ ਕਿਸੇ ਜ਼ਮਾਨੇ ਬੜਾ ਪਵਿੱਤਰ ਸਥਾਨ ਹੁੰਦਾ ਸੀ। ਸਾਰੇ ਧਾਰਮਿਕ ਇਕੱਠ ਇੱਥੇ ਹੀ ਹੁੰਦੇ ਸਨ। ਬੋਹੜ ਦੀ ਠੰਢੀ ਛਾਂ ਹੇਠਾਂ ਹਰ ਕਿਸੇ ਨੂੰ ਅਨੰਦ ਮਿਲਦਾ। ਇਕ ਪਾਸੇ ਖੂਹ, ਇਕ ਪਾਸੇ ਬਾਬਾ ਜੀ ਦੀ ਸਮਾਧ ਤੇ ਸਾਹਮਣੇ ਗੁਰਦੁਆਰਾ। ਅਜਿਹੇ ਸਥਾਨ ਤੇ ਹਰ ਕਿਸੇ ਦਾ ਮਨ ਬੈਠਣ ਨੂੰ ਆਪ-ਮੁਹਾਰੇ ਕਰ ਆਉਂਦਾ। ਜਦੋਂ ਬਿਜਲੀ ਨਾ ਹੁੰਦੀ ਤਾਂ ਸਾਰੇ ਮਾਈ-ਭਾਈ ਇੱਥੇ ਢਾਣੀਆਂ ਲਾ ਕੇ ਬੈਠਦੇ। ਸਾਰੀ ਦੁਨੀਆ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਹੁੰਦਾ। ਦੋ-ਚਾਰ ਆਦਮੀ ਪਿੰਡ ਦੇ ਮਸਲਿਆਂ ਨੂੰ ਵਿਚਾਰਦੇ ਰਹਿੰਦੇ। ਇਕ ਪਾਸੇ ਨਿੱਕੇ-ਨਿੱਕੇ ਬਾਲ ਆਪਣੀਆਂ ਖੇਡਾਂ ਖੇਡਦੇ ਰਹਿੰਦੇ।

ਅਸੀਂ ਦੋਨੋਂ ਭਾਈ ਕਵੀਰ ਤੇ ਕਰਨ ਵੀ ਕਦੀ-ਕਦੀ ਇਸ ਥਾਂ ਦੇ ਦ੍ਰਿਸ਼ ਦਾ ਅਨੰਦ ਮਾਨਣ ਲਈ ਚੱਲੇ ਜਾਂਦੇ। ਪਰ ਮੇਰੇ ਪਾਪਾ-ਮੰਮੀ ਸਾਨੂੰ ਉੱਥੇ ਬਹੁਤਾ ਸਮਾਂ ਖੜ੍ਹਨ ਬੈਠਣ ਨਾ ਦਿੰਦੇ।

ਇਕ ਦਿਨ ਕਰਨ ਦੇ ਪਾਪਾ ਨੇ ਸਮਝਾਇਆ, "ਬੇਟੇ ਜੈਸੀ ਸੰਗਤ ਵੈਸੀ ਰੰਗਤ। ਤੁਸੀਂ ਜਿਸ ਤਰ੍ਹਾਂ ਦੇ ਮਿੱਤਰਾਂ ਵਿੱਚ ਬੈਠੋਗੇ ਤੁਹਾਡੇ ਮਨ 'ਤੇ ਉਹੀ ਅਸਰ ਹੋਵੇਗਾ। ਤੇ ਤੁਸੀਂ ਵੀ ਉਹੀ ਕੁਝ ਕਰਨ ਲੱਗ ਪਵੋਗੇ।"

"ਹਾਂ ਪਾਪਾ ਜੀ, ਜਿਵੇਂ ਕਹਿੰਦੇ ਨੇ, ਖ਼ਰਬੂਜੇ ਨੂੰ ਦੇਖ ਕੇ ਖ਼ਰਬੂਜਾ ਰੰਗ ਫੜਦਾ ਹੈ।" ਕਰਨ ਨੇ ਗੱਲ ਨੂੰ ਅੱਗੇ ਤੋਰਦਿਆਂ ਰੋਚਕ ਬਣਾ ਦਿੱਤਾ। ਹੁਣ ਕਵੀਰ ਵੀ ਪਿੱਛੇ ਰਹਿਣ ਵਾਲਾ ਨਹੀਂ ਸੀ। ਉਸ ਦਾ ਮਨ ਵੀ ਕੀਤਾ ਕਿ ਉਹ ਵੀ ਆਪਣੇ ਗਿਆਨ ਦੀ ਨੁਮਾਇਸ਼ ਲਾਵੇ।

"ਪਾਪਾ ਜੀ, ਇਹ ਗੱਲ ਸੱਚੀ ਐ। ਉੱਥੇ ਕੁਝ ਨਿਆਣੇ ਗਾਲ੍ਹਾਂ ਵੀ ਕੱਢਦੇ ਹਨ।"

"ਹਾਂ ਬੇਟੇ, ਅਜਿਹੀਆਂ ਗੱਲਾਂ ਚੰਗੇ ਬੱਚਿਆਂ ਨੂੰ ਸੋਭਾ ਨਹੀਂ ਦਿੰਦੀਆਂ। ਇਸੇ ਕਰਕੇ ਕਿਹਾ ਹੈ ਕਿ ਬੁਰੀ ਸੰਗਤ ਨਾਲੋਂ ਇਕੱਲਾ ਚੰਗਾ।"

"ਹਾਂ ਪਾਪਾ ਜੀ, ਮੇਰੇ ਸਰ ਕਹਿੰਦੇ ਹਨ, ਸਾਨੂੰ ਵਧੀਆ ਕਿਤਾਬਾਂ ਨੂੰ ਸਾਥੀ ਬਨਾਉਣਾ ਚਾਹੀਦਾ ਹੈ। ਇਹ ਕਦੀ ਧੋਖਾ ਨਹੀਂ ਦਿੰਦੀਆਂ। ਨਾਲ ਹੀ ਗਿਆਨ ਵਿਗਿਆਨ ਦਾ ਭੰਡਾਰ ਹੁੰਦੀਆਂ ਨੇ।"

"ਓਏ ਇਹ 'ਕੱਲੀਆਂ ਗਿਆਨ ਦਾ ਭੰਡਾਰ ਹੀ ਨਹੀਂ ਹੁੰਦੀਆਂ ਸਗੋਂ ਮਨੋਰੰਜਨ ਦਾ ਸੰਸਾਰ ਵੀ ਹੁੰਦੀਆਂ ਹਨ।" ਹੁਣ ਕਰਨ ਨੇ ਆਪਣੀ ਸਿਆਣਪ ਦਾ ਸਬੂਤ ਦੇ ਦਿੱਤਾ।

"ਹਾਂ ਬੇਟੇ, ਤੁਸੀਂ ਦੋਨੋਂ ਸਮਝਦਾਰ ਹੋ। ਇਸ ਲਈ ਕਦੀ ਵੀ ਮਾੜੀ ਸੰਗਤ ਵਿੱਚ ਨਹੀਂ ਪੈਣਾ। ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣਾ।"

ਕਰਨ ਤੇ ਕਵੀਰ ਦਾ ਗੁਆਂਢੀ ਕਿੱਛੀ ਉੱਥੇ ਹੀ ਬੈਠਾ ਰਹਿੰਦਾ। ਉਸ ਦੀ ਮਾਂ ਹਰ ਪਲ ਉਸ ਨੂੰ ਅਵਾਜ਼ਾਂ ਮਾਰਦੀ ਪਰ ਉਹ ਅੱਗੋਂ 'ਆਇਆ ਮਾਂ' ਕਹਿ ਕੇ ਫਿਰ ਬੈਠ ਜਾਂਦਾ। ਕੁਝ ਸਮੇਂ ਬਾਅਦ ਹੀ ਉਸ ਨੂੰ ਤਾਸ਼ ਖੇਡਣ ਦੀ ਆਦਤ ਪੈ ਗਈ। ਇਕ ਦਿਨ ਉੱਥੇ ਬੈਠੇ ਮੁੰਡਿਆਂ ਦਾ ਇਕ ਸਾਥੀ ਨਾ ਆਇਆ ਤਾਂ ਉਹਨਾਂ ਉਸ ਨੂੰ ਤਾਸ਼ ਦੀ ਬਾਜੀ ਲਾਉਣ ਲਈ ਬਿਠਾ ਲਿਆ।

ਕਿੱਛੀ ਤਾਸ਼ ਖੇਡ ਕੇ ਬੜਾ ਖ਼ੁਸ਼ ਮਹਿਸੂਸ ਕਰ ਰਿਹਾ ਸੀ। ਉਹ ਮਨ ਹੀ ਮਨ ਆਪਣੇ ਆਪ ਨੂੰ ਹੀਰੋ ਸਮਝਣ ਲੱਗ ਪਿਆ। ਹੁਣ ਉਹ ਕਵੀਰ ਤੇ ਕਰਨ ਨੂੰ ਵੀ ਬੁਲਾਉਣੋਂ ਹਟ ਗਿਆ। ਸਾਰਾ ਦਿਨ ਵਿਹਲੜ ਮੁੰਡਿਆਂ ਨਾਲ ਫਿਰਦਾ ਰਹਿੰਦਾ। ਸਕੂਲ ਤੋਂ ਵੀ ਅਕਸਰ ਗ਼ੈਰ-ਹਾਜ਼ਰ ਰਹਿਣ ਲੱਗਾ।

ਉਸ ਦੀ ਮਾਤਾ ਤਾਂ ਪਹਿਲਾਂ ਹੀ ਪਰੇਸ਼ਾਨ ਸੀ, ਗ਼ੈਰ-ਹਾਜ਼ਰੀ ਕਾਰਨ ਸਕੂਲ ਦੇ ਅਧਿਆਪਕਾਂ ਲਈ ਵੀ ਮਸਲਾ ਬਣ ਗਿਆ। ਉਨ੍ਹਾਂ ਉਸ ਦੀ ਗ਼ੈਰ-ਹਾਜ਼ਰੀ ਕਾਰਨ ਮਾਤਾ ਨੂੰ ਸਕੂਲ ਬੁਲਾਇਆ। ਜਦੋਂ ਇੰਚਾਰਜ ਨੇ ਉਸਦੀਆਂ ਗ਼ੈਰ-ਹਾਜ਼ਰੀਆਂ ਬਾਰੇ ਦੱਸਿਆ ਤਾਂ ਮਾਤਾ ਹੱਕੀ-ਬੱਕੀ ਰਹਿ ਗਈ। ਜਦੋਂ ਉਸ ਨੇ ਦੁਖੀ ਮਨ ਨਾਲ ਕਿੱਛੀ ਨੂੰ ਪੁੱਛਿਆ ਤਾਂ ਉਸ ਕੋਲ ਕੋਈ ਜੁਆਬ ਨਹੀਂ ਸੀ।

ਉਹ ਤਾਂ ਮਾਤਾ ਅੱਗੇ ਵੀ ਬੋਲ ਪਿਆ, "ਤੁਹਾਨੂੰ ਕੀ ? ਮੈਂ ਜੋ ਮਰਜ਼ੀ ਕਰਾਂ ? ਮੈਂ ਇੱਧਰ ਗਿਆ ਸੀ। ਮੈਂ ਉੱਥੇ ਗਿਆ ਸੀ। ਮੈਂ ਨੀਂ ਪੜ੍ਹਨਾ। ਮੈਂ ਜੋਰੇ ਨਾਲ ਰਹਿਣਾ। ਤੂੰ ਦੱਸ ਕੀ ਕਰਦੀ ਐਂ ?"

ਇਹ ਗੱਲ ਸੁਣ ਕੇ ਮਾਤਾ ਦੇ ਤਾਂ ਖਾਨਿਓਂ ਗਈ। ਉਸ ਨੂੰ ਕੁਝ ਨੀਂ ਸੀ ਸੁੱਝ ਰਿਹਾ ਕਿ ਕੀ ਕਰੇ ? ਉਸ ਦਾ ਇਕੋ ਇਕ ਲਾਲ ਵੀ ਉਸ ਦੀ ਕਦਰ ਭੁੱਲ ਗਿਆ ਸੀ, ਜਿਸ ਨੂੰ

ਉਸ ਨੇ ਮਿਹਨਤ-ਮਜ਼ਦੂਰੀ ਕਰਕੇ ਪਾਲਿਆ ਸੀ। ਮਾਤਾ ਨੇ ਜੋਰੇ ਦਾ ਸਾਥ ਛੁਡਾਉਣ ਲਈ ਬੜੇ ਯਤਨ ਕੀਤੇ ਪਰ ਉਹ ਪੱਥਰ ਹੀ ਬਣਿਆ ਰਿਹਾ।

ਇਕ ਸ਼ਾਮ ਪਿੰਡ ਵਿੱਚ ਰੌਲਾ ਪੈ ਗਿਆ ਕਿ ਪੁਲਿਸ ਨੇ ਮੁੰਡੇ ਫੜ ਲਏ ਹਨ। ਜਿਨ੍ਹਾਂ ਵਿੱਚ ਕਿੱਛੀ ਵੀ ਹੈ। ਸਰਪੰਚ ਕਹਿ ਰਿਹਾ ਸੀ, "ਇਨ੍ਹਾਂ ਨੇ ਤਾਂ ਪਿੰਡ ਦਾ ਨਾਂ ਹੀ ਬਦਨਾਮ ਕਰ ਦਿੱਤਾ। ਤਾਸ਼ ਦੀ ਬਾਜੀ ਲਾਉਂਦੇ-ਲਾਉਂਦੇ ਜੂਆ ਖੇਡਣ ਲੱਗ ਪਏ। ਸਾਡੇ ਬਜ਼ੁਰਗਾਂ ਨੇ ਮਿਹਨਤ ਤੇ ਇਮਾਨਦਾਰੀ ਨਾਲ ਪਿੰਡ ਨੂੰ ਦੁਨੀਆ ਵਿੱਚ ਮਸ਼ਹੂਰ ਕੀਤਾ ਤੇ ਆਹ ਮਾੜੀ ਔਲਾਦ ਨੇ ਸਾਡਾ ਬੇੜਾ ਗ਼ਰਕ ਕਰ ਦਿੱਤਾ।"

ਕਰਨ ਤੇ ਕਵੀਰ ਆਪਸ ਵਿੱਚ ਗੱਲਾਂ ਕਰ ਰਹੇ ਸਨ, "ਪਾਪਾ ਜੀ ਠੀਕ ਹੀ ਆਖਦੇ ਸਨ। ਨਜ਼ਾਰਾ ਕਿੱਛੀ ਨੂੰ ਮਿਲ ਗਿਆ ਜਿਹੜਾ ਆਪਣੀ ਮੰਮੀ ਤੇ ਟੀਚਰਾਂ ਦਾ ਕਹਿਣਾ ਨਹੀਂ ਸੀ ਮੰਨਦਾ।"

"ਕਰਨ ਵੀਰ ! ਸਾਡੇ ਮਾਪੇ ਤੇ ਅਧਿਆਪਕ ਬੜੇ ਤਜਰਬੇ ਰੱਖਦੇ ਹਨ। ਇਸ ਲਈ ਸਾਨੂੰ ਉਨ੍ਹਾਂ ਦੇ ਕਹਿਣੇ ਵਿੱਚ ਹੀ ਰਹਿਣਾ ਚਾਹੀਦਾ ਹੈ। ਮਨਮਰਜ਼ੀ ਦਾ ਨਤੀਜਾ ਹਮੇਸ਼ਾਂ ਭੈੜਾ ਹੀ ਨਿਕਲਦਾ ਹੈ।" ਕਵੀਰ ਨੇ ਸਿਰੇ ਦੀ ਗੱਲ ਸਮਝਾ ਦਿੱਤੀ।

*ਸੰਪਾਦਕ, 'ਨਿੱਕੀਆਂ ਕਰੂੰਬਲਾਂ'*
*ਕਰੂੰਬਲਾਂ ਭਵਨ, ਮਾਹਿਲਪੁਰ*
*ਜ਼ਿਲ੍ਹਾ ਹੁਸ਼ਿਆਰਪੁਰ-146105 (ਪੰਜਾਬ)*

---

*(18 ਸਫ਼ੇ ਦਾ ਬਾਕੀ)*

ਤਾਂ ਜੀਜਾ ਜੀ ਨੇ ਵੀ ਆਖ ਦਿੱਤਾ ਕਿ ਚੱਲੋ ਘਰ ਵਿੱਚ ਹੀ ਕੰਮ ਬਣ ਗਿਆ। ਜੀਜਾ ਜੀ ਮੈਨੂੰ ਅਤੇ ਕਾਕਾ ਸੁਖਦਿਆਲ ਨੂੰ ਆਪਣੀਆਂ ਬਾਹਵਾਂ ਵਿੱਚ ਲੈ ਕੇ ਆਸ਼ੀਰਵਾਦ ਦੇ ਰਿਹਾ ਸੀ ਅਤੇ ਵਧਾਈ ਵੀ ਦੇ ਰਿਹਾ ਸੀ। ਉਹ ਆਖ ਰਿਹਾ ਸੀ ਕਿ ਚਾਚਾ ਜੀ ਵੀ ਇਹੀ ਚਾਹੁੰਦੇ ਹਨ। ਪਰ ਮੂੰਹੋਂ ਇਹ ਗੱਲ ਬਾਹਰ ਨਹੀਂ ਸਨ ਕੱਢ ਰਹੇ। ਉਹ ਸਿਮਰਨ ਤੋਂ ਡਰਦੇ ਸਨ। ਇਤਨੇ ਵਿੱਚ ਮੈਂ ਕੀ ਦੇਖਦੀ ਹਾਂ ਕਿ ਸਿਮਰਨ ਵੀ ਸਾਡੇ ਕੋਲ ਆ ਗਈ ਅਤੇ ਸਾਨੂੰ ਆਪਣੀਆਂ ਬਾਹਵਾਂ ਵਿੱਚ ਲੈ ਕੇ ਇਹੀ ਆਖ ਰਹੀ ਸੀ ਕਿ ਅਗਰ ਊਸ਼ਾ ਸਾਡੇ ਘਰ ਨਾ ਹੁੰਦੀ ਤਾਂ ਅਸੀਂ ਇਤਨੀਆਂ ਪੜ੍ਹਾਈਆਂ ਅਤੇ ਸਿਖਲਾਈਆਂ ਨਹੀਂ ਸਾਂ ਕਰ ਸਕਦੇ ਅਤੇ ਇਹ ਸੁਖਦਿਆਲ ਤਾਂ ਕੁਝ ਵੀ ਕਰਨ ਜੋਗਾ ਨਹੀਂ ਸੀ। ਉਹ ਹੈਰਾਨ ਸੀ ਕਿ ਸੁਖਦਿਆਲ ਕਿਤਨੀਆਂ ਹੀ ਲੜਕੀਆਂ ਦੇਖਦਾ ਰਿਹਾ ਹੈ, ਪਰ ਕਿਧਰੇ ਵੀ ਹਾਂ ਨਹੀਂ ਸੀ ਕਰ ਪਾ ਰਿਹਾ ਅਤੇ ਅੱਜ ਉਸ ਨੇ ਪਹਿਲੀ ਵਾਰੀ ਆਪਣਾ ਮੂੰਹ ਖੋਲ੍ਹਿਆ ਸੀ।

*101 ਸੀ, ਵਿਕਾਸ ਕਾਲੋਨੀ,*
*ਪਟਿਆਲਾ-147003 (ਪੰਜਾਬ)*

## ਵਾਹ ਵਿਗਿਆਨ! ਵਾਹ ਵਿਗਿਆਨ!!

*ਹਰਪਾਲ ਸਨੇਹੀ ਘੱਗਾ*

ਵਾਹ ਵਿਗਿਆਨ! ਵਾਹ ਵਿਗਿਆਨ!!
ਤੱਕ-ਤੱਕ ਸਾਰਾ ਜੱਗ ਹੈਰਾਨ।

ਰਾਕਟ, ਮਿਜ਼ਾਇਲ ਅਤੇ ਜਹਾਜ਼।
ਖੋਲ੍ਹ ਰਹੇ ਕੁਦਰਤ ਦੇ ਰਾਜ਼।
ਵਾਹ 'ਕਲਪਨਾ' ਤੇਰੀ ਸ਼ਾਨ।
ਵਾਹ ਵਿਗਿਆਨ! ਵਾਹ ਵਿਗਿਆਨ!!

ਕੰਪਿਊਟਰ ਦੀ ਕਾਢ ਅਨੋਖੀ।
ਟੀ.ਵੀ. ਦੀ ਵੀ ਸਿਫ਼ਤ ਹੈ ਚੋਖੀ।
ਟੈਲੀਫ਼ੋਨ ਘਰਾਂ ਦੀ ਸ਼ਾਨ।
ਵਾਹ ਵਿਗਿਆਨ! ਵਾਹ ਵਿਗਿਆਨ!!

ਮੂਵੀ ਕੈਮਰਾ, ਫੈਕਸ ਯੰਤਰ।
ਹੋਰ ਬੜੇ ਨੇ ਐਸੇ 'ਮੰਤਰ'।
ਜਿਹੜੇ ਹੈਨ ਗੁਣਾਂ ਦੀ ਖ਼ਾਨ।
ਵਾਹ ਵਿਗਿਆਨ! ਵਾਹ ਵਿਗਿਆਨ!!

ਮੋਬਾਈਲ ਤਾਂ ਨਿਰਾ ਹੈ ਜਾਦੂ।
ਜਿਸ ਨੇ ਕੀਤੀ ਦੁਨੀਆ ਕਾਬੂ।
'ਡੱਬੀ' ਜਹੀ ਬੜੀ ਸ਼ੈਤਾਨ।
ਵਾਹ ਵਿਗਿਆਨ! ਵਾਹ ਵਿਗਿਆਨ!!

ਸੀ.ਡੀ. ਲਾਵੋ ਸੁਣੋ ਸੰਗੀਤ।
ਟੇਪ, ਰੇਡੀਓ ਸਾਡੇ ਮੀਤ।
ਹਰ ਕੋਈ ਕਰਦਾ ਹੈ ਗੁਣਗਾਨ।
ਵਾਹ ਵਿਗਿਆਨ! ਵਾਹ ਵਿਗਿਆਨ!!

ਜੀਵਨ ਦਾ ਨਹੀਂ ਕੋਈ ਖੇਤਰ।
ਜਿੱਥੇ ਨਹੀਂ ਕੋਈ ਕਾਢ ਵਚਿੱਤਰ।
ਕਰਾਂ 'ਸਨੇਹੀ' ਕੀ ਵਿਖਿਆਨ?
ਵਾਹ ਵਿਗਿਆਨ! ਵਾਹ ਵਿਗਿਆਨ!!

*ਪਿੰਡ ਤੇ ਡਾਕ:: ਘੱਗਾ-147102*
*ਜ਼ਿਲ੍ਹਾ ਪਟਿਆਲਾ (ਪੰਜਾਬ)*

<u>*ਦੋ ਮਿੰਨੀ ਕਹਾਣੀਆਂ*</u>

## (1) ਆਸਰਾ

**ਜਗੀਰ ਸੱਧਰ**

"ਹਾਂ, ਇਸ ਨੂੰ ਇਕ ਹਾਦਸਾ ਹੀ ਤਾਂ ਕਿਹਾ ਜਾ ਸਕਦਾ ਹੈ। ਮੇਰੇ ਸਿਰ ਤੋਂ ਸਾਂਈਂ ਦਾ ਸਾਇਆ ਉੱਠ ਗਿਆ ਤੇ... ਮੇਰੇ ਜੇਠ ਦੀ ਘਰਵਾਲੀ ਸੰਤੀ ਪੂਰੀ ਹੋ ਗਈ।

ਬਚਨੀ ਦਾ ਘਰ ਵਾਲਾ ਜੀਤਾ ਤੇ ਉਸ ਦਾ ਜੇਠ ਕਰਮਾ ਤਾਏ ਚਾਚੇ ਦੇ ਪੁੱਤ-ਭਰਾ ਸਨ। ਲਗਪਗ ਇਕੋ ਜਿਹੀਆਂ ਉਮਰਾਂ ਤੇ ਇਕੋ ਜਿਹੇ। ਕਿੰਨਾ ਹੀ ਚਿਰ ਉਹਨਾਂ ਦੇ ਘਰ ਦਾ ਵਿਹੜਾ ਤੇ ਖੇਤ ਸਾਂਝੇ ਰਹੇ। ਦੋਹਾਂ ਘਰਾਂ ਦੇ ਮਿਲਵਰਤਣ ਵਿੱਚ ਵੀ ਕੋਈ ਕਮੀ ਨਹੀਂ ਸੀ। ਵਕਤ ਬੀਤਿਆ ਵਿਹੜੇ ਵਿੱਚ ਕੰਧ ਹੋ ਗਈ ਤੇ ਖੇਤੀ ਵੱਖ-ਵੱਖ। ਫਿਰ ਵੀ ਦੋਹਾਂ ਘਰਾਂ ਦੇ ਵਰਤੋਂ-ਵਿਹਾਰ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ। ਦੋਹਾਂ ਘਰਾਂ ਦੇ ਬੱਚੇ ਵੱਖ-ਵੱਖ ਘਰਾਂ ਵਿੱਚ ਇਕੱਠੇ ਖੇਡਦੇ ਜਵਾਨ ਹੋਏ ਸਨ।

ਹੁਣ ਕਰਮੇ ਦੇ ਵੀ ਸਾਰੇ ਬੱਚੇ ਵਿਆਹੇ ਜਾ ਚੁੱਕੇ ਸਨ ਤੇ ਬਚਨੀ ਦੇ ਵੀ। ਬਚਨੀ ਦੇ ਮਨ ਵਿੱਚ ਆ ਰਿਹਾ ਸੀ – 'ਜ਼ਿੰਦਗੀ ਦੇ ਆਖ਼ਰੀ ਪਹਿਰ ਖ਼ੁਸ਼ੀਆਂ ਵੇਖਣ ਦੇ ਸਨ...ਪਰ ਮਰਜ਼ੀ ਮਾਲਕ ਦੀ...ਬੱਚੇ ਲੱਖ ਖ਼ੁਸ਼ੀਆਂ ਵੱਸਣ ਪਰ ਬੰਦੇ ਤੋਂ ਬਿਨਾਂ ਤੀਵੀਂ ਦੀ ਕਾਹਦੀ ਜੂਨ...!'

ਬਚਨੀ ਸੋਚਦੀ, ਘਰਵਾਲੀ ਸੰਤੀ ਦੇ ਹੁੰਦਿਆਂ ਕਰਮੇ ਨੇ ਵੀ ਕਦੇ ਪੱਗ ਦਾ ਸ਼ਮਲਾ ਨੀਵਾਂ ਨਹੀਂ ਸੀ ਹੋਣ ਦਿੱਤਾ ਪਰ ਹੁਣ ਘਰ ਦੀ ਡਿਓੜੀ ਵਿੱਚ ਬੈਠ ਕੇ ਮੌਤ ਨੂੰ ਉਡੀਕਣ ਲੱਗ ਪਿਐ...ਵਿਚਾਰਾ, ਤੇ...ਮੈਂ, ਮੈਂ ਕਿਹੜਾ ਸੁਖੀ ਵਸਦੀ ਆਂ। ਇਕ ਠੰਢੇ ਹਉਕੇ ਦੇ ਨਾਲ ਬਚਨੀ ਦੇ ਮੂੰਹੋਂ ਨਿਕਲਿਆ, 'ਮੇਰੇ ਵੀ ਅੰਦਰ ਵੜ ਕੇ ਵੇਖੇ ਕੋਈ, ਢਿੱਡ ਦੀਆਂ ਢਿੱਡ ਵਿੱਚ ਲੈ ਕੇ ਤੁਰੀ ਫਿਰਦੀ ਆਂ...।'

ਉਸ ਨੂੰ ਯਾਦ ਆ ਰਿਹਾ ਸੀ — ਅੱਜ ਆਥਣੇ ਜਦੋਂ ਉਹ ਕਰਮੇ ਦੇ ਘਰੋਂ ਮੁੜ ਰਹੀ ਸੀ। ਡਿਓੜੀ ਵਿੱਚ ਬੈਠੇ ਕਰਮੇ ਨੇ ਉਹਨੂੰ 'ਵਾਜ਼ ਮਾਰੀ ਸੀ ਪਰ ਜਦੋਂ ਬਚਨੀ ਉਸ ਦੀ 'ਵਾਜ਼ ਸੁਣ ਕੇ ਰੁਕੀ, ਓਦੋਂ ਕਰਮਾ ਭਾਵੇਂ ਉਸ ਨੂੰ ਕੁਝ ਨਹੀਂ ਸੀ ਕਹਿ ਸਕਿਆ ਪਰ ਬਚਨੀ ਉਸ ਦੇ ਅੰਦਰਲੀ ਗੱਲ ਸਮਝ ਗਈ ਸੀ।

'ਵਿਚਾਰਾ ਆਸਰਾ ਭਾਲਦੈ', ਉਸ ਦੇ ਮੂੰਹੋਂ ਨਿਕਲਿਆ। ਤੇ ਫਿਰ ਜਿਵੇਂ ਉਸ ਨੇ ਆਪਣੇ ਆਪ ਨੂੰ ਹੀ ਕਿਹਾ ਸੀ, 'ਆਸਰਾ ਤਾਂ ਤੂੰ ਵੀ ਭਾਲਦੀ ਏਂ ਬਚਨੀਏਂ !'

—o—

## (2) ਤੂੰ ਕੀ ਲੈਣੈਂ

ਬਜ਼ਾਰ ਵਿੱਚ ਇਕ ਥਾਂ ਕਾਫ਼ੀ ਇਕੱਠ ਹੋਇਆ ਵੇਖ ਕੇ ਮੇਰੇ ਸਾਈਕਲ ਨੂੰ ਬਰੇਕ ਲੱਗ ਗਈ। ਮੈਂ ਵੇਖਿਆ ਤਿੰਨ-ਚਾਰ ਧੱਕੜ ਕਿਸਮ ਦੇ ਆਦਮੀ, ਇਕ ਗ਼ਰੀਬ ਜਿਹੇ ਮਜ਼ਦੂਰ ਦਿੱਸਦੇ ਵਿਅਕਤੀ ਨੂੰ ਜ਼ਬਰਦਸਤੀ ਜਿਪਸੀ ਵਿੱਚ ਸੁੱਟਣ ਦੀ ਕੋਸ਼ਿਸ਼ ਕਰ ਰਹੇ ਸਨ। ਮਜ਼ਦੂਰ ਵਿਅਕਤੀ ਉੱਚੀ-ਉੱਚੀ ਹਾਲ-ਦੁਹਾਈ ਪਾ ਰਿਹਾ ਸੀ – "ਮੈਂ ਤੁਹਾਡੇ ਨਾਲ ਨਹੀਂ ਜਾਣਾ, ਤੁਸੀਂ ਮੇਰੀਆਂ ਪਹਿਲੀਆਂ ਤਨਖ਼ਾਹਵਾਂ ਹੀ ਨਹੀਂ ਦੇ ਰਹੇ...ਮੈਂ ਮੁਫ਼ਤ ਵਿੱਚ ਕੰਮ ਕਿਉਂ ਕਰਾਂ ?"

ਉਹ ਕਿਸੇ ਵੀ ਕੀਮਤ 'ਤੇ ਜਿਪਸੀ ਵਿੱਚ ਬੈਠਣ ਲਈ ਤਿਆਰ ਨਹੀਂ ਸੀ। ਉਹ ਬਾਰ-ਬਾਰ ਦੁਆਲੇ ਜੁੜੀ ਖੜੀ ਭੀੜ ਵੱਲ ਵੇਖ ਰਿਹਾ ਸੀ ਜਿਵੇਂ ਉਨ੍ਹਾਂ ਤੋਂ ਮਦਦ ਦੀ ਮੰਗ ਕਰ ਰਿਹਾ ਹੋਵੇ। ਮੈਂ ਵੇਖਿਆ ਕਿ ਆਸੇ-ਪਾਸੇ ਖੜੇ ਲੋਕਾਂ ਦੀ ਭੀੜ ਵਿੱਚੋਂ ਕੋਈ ਵੀ ਉਸ ਦੇ ਹੱਕ ਵਿੱਚ ਨਹੀਂ ਸੀ ਬੋਲ ਰਿਹਾ ਤੇ ਨਾ ਹੀ ਕੋਈ ਆਦਮੀ ਉਨ੍ਹਾਂ ਜਿਪਸੀ ਵਾਲਿਆਂ ਤੋਂ ਪੁੱਛਣ ਦੀ ਹਿੰਮਤ ਜੁਟਾ ਪਾ ਰਿਹਾ ਸੀ ਕਿ ਆਖ਼ਰ ਗੱਲ ਕੀ ਹੈ ?

ਮੇਰੇ ਤੋਂ ਰਿਹਾ ਨਾ ਗਿਆ। ਮੈਂ ਅੱਗੇ ਵਧ ਕੇ ਜਿਪਸੀ ਵਾਲਿਆਂ 'ਚੋਂ ਇਕ ਦੀ ਬਾਂਹ ਫੜ ਕੇ ਪੁੱਛਿਆ, "ਭਾਈ ਸਾਹਬ, ਆਖ਼ਰ ਮਾਜਰਾ ਕੀ ਹੈ ?"

ਪਰ ਉਸ ਨੇ ਮੇਰੇ ਤੋਂ ਬਾਂਹ ਛੁਡਾਉਂਦਿਆਂ ਕਿਹਾ, "ਤੂੰ ਕੀ ਲੈਣੈਂ ?"

ਲੋਕਾਂ ਵਿੱਚੋਂ ਵੀ ਇਕ-ਦੋ ਜਾਣ-ਪਛਾਣ ਵਾਲਿਆਂ ਨੇ ਮੈਨੂੰ ਸਮਝਾਉਂਦਿਆਂ ਕਿਹਾ, "ਤੂੰ ਕੀ ਲੈਣੈਂ ?"

ਮੈਂ ਬੇਵੱਸ ਜਿਹਾ ਹੋ ਕੇ ਇਕ ਪਾਸੇ ਖੜ੍ਹ ਗਿਆ। ਕਿਉਂਕਿ ਮਜ਼ਦੂਰ ਕਾਫ਼ੀ ਹੱਟਾ-ਕੱਟਾ ਸੀ ਤੇ ਉਨ੍ਹਾਂ ਦੇ ਕਾਬੂ ਵਿੱਚ ਨਹੀਂ ਸੀ ਆ ਰਿਹਾ। ਅਖ਼ੀਰ ਉਨ੍ਹਾਂ ਕਾਫ਼ੀ ਜੱਦੋਜਹਿਦ ਤੋਂ ਬਾਅਦ ਮਜ਼ਦੂਰ ਨੂੰ ਜਿਪਸੀ ਵਿੱਚ ਸੁੱਟ ਲਿਆ ਤੇ ਲੈ ਗਏ।

ਹੁਣ ਲੋਕਾਂ ਵਿੱਚ ਘੁਸਰ-ਮੁਸਰ ਹੋ ਰਹੀ ਸੀ ਕਿ "ਇਹ ਤਾਂ ਸਰਾਸਰ ਧੱਕੈ..."

*ਬੈਕ ਸਾਈਡ, ਨਹਿਰੂ ਸਟੇਡੀਅਮ,*
*ਜੀਵਨ ਨਗਰ, ਫਰੀਦਕੋਟ (ਪੰਜਾਬ)*

**ਕਹਾਣੀ**

# ਉਹ ਕੁੜੀ

**ਬਲਵੰਤ ਸਿੰਘ ਸਨੇਹੀ**

ਉਹ ਕੁੜੀ ! ਹਾਂ ਉਹ ਕੁੜੀ !!

ਗੋਲ-ਮਟੋਲ ਨੈਣ, ਸਾਂਵਲਾ ਜਿਹਾ ਰੰਗ। ਉਮਰ ਕੋਈ ਚੌਦਾਂ ਕੁ ਸਾਲ ਦੀ। ਅਜੇ ਸਾਡੇ ਵਿਆਹ ਨੂੰ ਕੁਝ ਮਹੀਨੇ ਹੀ ਹੋਏ ਸਨ। ਉਹ ਸਾਡੇ ਘਰ ਆਉਣ ਲੱਗ ਗਈ। ਉਦਾਸ ਚਿਹਰਾ। ਪਿਆਸੀਆਂ ਅੱਖਾਂ। ਉਲਝੇ ਹੋਏ ਵਾਲ। ਬੜੀ ਅਨਭੋਲ ਮਾਸੂਮ ਜੇਹੀ। "ਅੰਕਲ ਮੈਨੂੰ ਆਹ ਸਵਾਲ ਸਮਝਾਓ। ਅੰਕਲ ਜਦੋਂ ਤੁਸੀਂ ਸਾਡੇ ਸਕੂਲ ਵਿੱਚ ਇਕ ਗ਼ਰੀਬ ਕੁੜੀ ਬਾਰੇ ਕਵਿਤਾ ਪੜ੍ਹੀ ਸੀ ਤਾਂ ਮੈਨੂੰ ਬਹੁਤ ਚੰਗੀ ਲੱਗੀ। ਕਵਿਤਾ ਪੜ੍ਹਨ ਦਾ ਅੰਦਾਜ਼ ਵੀ ਮੇਰੇ ਦਿਲ ਨੂੰ ਟੁੰਬ ਗਿਆ। ਅੰਕਲ ਤੁਸੀਂ ਕਿੰਨੇ ਚੰਗੇ ਹੋ। ਤੁਸੀਂ ਕਿੰਨਾ ਪਿਆਰਾ ਲਿਖਦੇ ਹੋ। ਮੈਨੂੰ ਵੀ ਕਵਿਤਾਵਾਂ, ਕਹਾਣੀਆਂ ਬਹੁਤ ਚੰਗੀਆਂ ਲੱਗਦੀਆਂ ਹਨ। ਮੈਨੂੰ ਵੀ ਤੁਸੀਂ ਕਵਿਤਾ ਲਿਖਣੀ ਦੱਸੋ ਮੈਨੂੰ ਵੀ ਕੋਈ ਕਹਾਣੀ ਲਿਖਣ ਦਾ ਢੰਗ ਸਿਖਾਓ।"

ਜਦੋਂ ਉਸ ਨੇ ਮੈਨੂੰ ਕਿਹਾ ਕਿ "ਅੰਕਲ, ਤੁਸੀਂ ਮੈਨੂੰ ਕਿੰਨੇ ਚੰਗੇ ਲੱਗਦੇ ਹੋ" ਤਾਂ ਮੈਂ ਸਹਿਜ ਸੁਭਾਓ ਪੁੱਛਿਆ, "ਬੇਟਾ ਤੈਨੂੰ ਆਂਟੀ ਚੰਗੀ ਨਹੀਂ ਲੱਗਦੀ ?"

"ਹਾਂ, ਉਹ ਵੀ ਚੰਗੀ ਲੱਗਦੀ ਹੈ ਪਰ ਤੁਹਾਡੇ ਤੋਂ ਘੱਟ" ਉਸ ਨੇ ਅਣਭੋਲ ਜਿਹਾ ਉੱਤਰ ਦਿੱਤਾ।

"ਅੱਛਾ ਐਂ ਦੱਸ, ਤੈਨੂੰ ਤੇਰੇ ਪਾਪਾ ਚੰਗੇ ਨਹੀਂ ਲੱਗਦੇ ?" ਮੈਂ ਫਿਰ ਉਸ ਨੂੰ ਮੋੜਵਾਂ ਪ੍ਰਸ਼ਨ ਕੀਤਾ।

"ਹਾਂ, ਉਹ ਵੀ ਚੰਗੇ ਲੱਗਦੇ ਹਨ। ਪਰ ਉਹ ਤਾਂ ਮੈਨੂੰ ਬਿਲਕੁਲ ਪਿਆਰ ਨਹੀਂ ਕਰਦੇ। ਦਫ਼ਤਰ ਤੋਂ ਆ ਕੇ ਵੀ ਹਰ ਸਮੇਂ ਲੈਪਟੌਪ ਲੈ ਕੇ ਬੈਠੇ ਰਹਿੰਦੇ ਹਨ। ਉਸ ਉੱਤੇ ਬੈਠੇ ਉਂਗਲਾਂ ਚਲਾਈ ਜਾਂਦੇ ਹਨ। ਜੇ ਮੈਂ ਕਿਸੇ ਕੰਮ ਲਈ ਉਨ੍ਹਾਂ ਨੂੰ ਬੁਲਾ ਵੀ ਲਵਾਂ ਤਾਂ ਉਹ ਝਿੜਕ ਕੇ ਆਖਦੇ ਹਨ, 'ਤੈਨੂੰ ਦਿਸਦਾ ਨਹੀਂ, ਮੈਂ ਜ਼ਰੂਰੀ ਕੰਮ ਕਰ ਰਿਹਾ ਹਾਂ।' ਤਾਂ ਮੈਨੂੰ ਬਹੁਤ ਦੁੱਖ ਹੁੰਦਾ ਹੈ ਜਦੋਂ ਮੇਰੇ ਨਾਲ ਓਪਰਿਆਂ ਵਾਂਗੂੰ ਸਲੂਕ ਕਰਦੇ ਹਨ। ਪਤਾ ਨਹੀਂ ਉਨ੍ਹਾਂ ਨੂੰ ਐਨਾ ਕਿੰਨਾ ਕੰਮ ਹੁੰਦਾ ਹੈ ਜੋ ਕਿਸੀ ਵੀ ਵਕਤ ਮੁੱਕਦਾ ਹੀ ਨਹੀਂ।" ਉਹ ਬਹੁਤ ਮਾਯੂਸ ਹੋ ਕੇ ਆਖਦੀ ਹੈ।

"ਅੱਛਾ ! ਪਰ ਤੇਰੀ ਮੰਮੀ ਤਾਂ ਤੈਨੂੰ ਪਿਆਰ ਕਰਦੀ ਹੋਵੇਗੀ ?" ਮੈਂ ਉਸ ਦੇ ਦਿਲ ਨੂੰ ਕੁਰੇਦਦੇ ਹੋਏ ਪੁੱਛਿਆ।

"ਨਹੀਂ ਅੰਕਲ ! ਉਹ ਤਾਂ ਮੇਰੇ ਨਾਲ ਚੰਗੀ ਤਰ੍ਹਾਂ ਗੱਲ ਵੀ ਨਹੀਂ ਕਰਦੀ। ਉਹ ਵੀ ਹਮੇਸ਼ਾਂ ਘਰ ਦੇ ਕੰਮ ਵਿੱਚ ਹੀ ਉਲਝੀ ਰਹਿੰਦੀ ਹੈ। ਉਹ ਵੀ ਮੇਰੇ ਨਾਲ ਇੱਦਾਂ ਸਲੂਕ ਕਰਦੀ ਹੈ ਜਿਵੇਂ ਮੈਂ ਉਸ ਦੀ ਔਲਾਦ ਹੀ ਨਾ ਹੋਵਾਂ। ਜਦੋਂ ਕੁਝ ਵਿਹਲ ਮਿਲਦੀ ਹੈ ਤਾਂ ਮੇਰੇ ਭਾਈ, ਜੋ ਮੈਥੋਂ ਛੋਟਾ ਹੈ, ਨੂੰ ਲਾਡ ਲਡਾਉਂਦੀ ਰਹਿੰਦੀ ਹੈ।" ਉਸ ਦੀਆਂ ਇਹ ਗੱਲਾਂ ਕਰਨ ਨਾਲ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

"ਪਰ ਤੇਰਾ ਭਰਾ ਤਾਂ ਤੈਨੂੰ ਪਿਆਰ ਕਰਦਾ ਹੋਵੇਗਾ ?" ਮੈਂ ਜਾਨਣ ਲਈ ਉਤਸੁਕਤਾ ਦਿਖਾਈ।

"ਨਿਰੀ ਸਵਾਹ ਤੇ ਖੇਹ ! ਉਹ ਮੈਨੂੰ ਫੁੱਟੀ ਅੱਖ ਨਹੀਂ ਭਾਉਂਦਾ। ਉਹ ਹਮੇਸ਼ਾਂ ਝੂਠੀਆਂ ਲੂਤੀਆਂ ਲਾ ਕੇ ਮੈਨੂੰ ਮੰਮੀ ਤੋਂ ਕੁੱਟ ਪੁਆਉਂਦਾ ਰਹਿੰਦਾ ਹੈ।" ਉਸ ਨੇ ਹੋਰ ਵੀ ਰੋਣਹਾਕੀ ਹੋ ਕੇ ਉੱਤਰ ਦਿੱਤਾ।

"ਅੱਛਾ ਬੇਟਾ ਚਾਹ ਪੀਏਂਗੀ ?" ਮੈਂ ਉਸ ਨੂੰ ਇਸ ਗ਼ਮਗੀਨ ਮਾਹੌਲ ਵਿੱਚੋਂ ਕੱਢਣਾ ਚਾਹੁੰਦਾ ਸੀ।

"ਹਾਂ ਅੰਕਲ ਜ਼ਰੂਰ ਪੀਆਂਗੀ। ਪਰ ਮੈਂ ਆਪਣੇ ਅੰਕਲ ਨੂੰ ਚਾਹ ਆਪਣੇ ਹੱਥੀਂ ਆਪ ਬਣਾਵਾਂਗੀ।" ਇਹ ਕਹਿੰਦਿਆਂ ਹੀ ਉਹ ਰਸੋਈ ਵੱਲ ਜਾਣ ਲੱਗੀ। ਪਰ ਮੇਰੀ ਪਤਨੀ ਅਨੀਤਾ ਨੇ ਉਸ ਨੂੰ ਰੋਕ ਦਿੱਤਾ, "ਨਹੀਂ ਬੇਟਾ, ਤੂੰ ਬੈਠ ਆਪਣੇ ਅੰਕਲ ਕੋਲ। ਚਾਹ ਮੈਂ ਬਣਾ ਕੇ ਲਿਆਉਂਦੀ ਹਾਂ।"

ਪਰ ਉਹ ਨਾ ਮੰਨੀ। ਉਸ ਨੇ ਰਸੋਈ ਵਿੱਚ ਜਾ ਕੇ ਤਿੰਨ ਕੱਪ ਚਾਹ ਬਣਾਈ। ਇਕ ਆਪਣੇ ਅੰਕਲ ਲਈ, ਦੂਜੀ ਆਪਣੀ ਖ਼ਾਤਰ ਅਤੇ ਤੀਜੀ ਆਪਣੀ ਆਂਟੀ ਲਈ। ਜਦੋਂ ਮੈਂ ਚਾਹ ਦਾ ਪਹਿਲਾ ਹੀ ਘੁੱਟ ਭਰਿਆ ਤਾਂ ਵੇਖਿਆ ਚਾਹ ਤਾਂ ਸੱਚਮੁੱਚ ਹੀ ਸਵਾਦ ਬਣੀ ਸੀ। ਚੀਨੀ ਪੂਰੇ ਹਿਸਾਬ ਦੀ, ਚਾਹ ਪੱਤੀ ਵਾਜਬ ਅਤੇ ਦੁੱਧ ਵੀ ਠੀਕ ਮਾਤਰਾ ਵਿੱਚ। ਮੈਂ ਪਹਿਲਾਂ ਏਹੋ ਜਿਹੀ ਸਵਾਦੀ ਚਾਹ ਜ਼ਿੰਦਗੀ ਭਰ ਨਹੀਂ ਪੀਤੀ ਸੀ। ਚਾਹ ਬਨਾਉਣ ਦਾ ਉਸ ਦਾ ਤਰੀਕਾ ਪਤਾ ਨਹੀਂ ਕਿਹੜਾ ਸੀ। ਜਿਵੇਂ ਚਾਹ ਬਣਾਉਂਦਿਆਂ ਉਸ ਨੇ ਸਮੁੱਚਾ ਪਿਆਰ ਹੀ ਉਸ ਵਿੱਚ ਉਲੱਦ ਦਿੱਤਾ ਹੋਵੇ।

ਮੈਂ ਆਪਣੀ ਪਤਨੀ ਨੂੰ ਪੁੱਛਿਆ ਕਿ ਲੜਕੀ ਆਖਿਰ ਕੌਣ ਹੈ ? ਇਸ ਨੂੰ ਮੇਰੇ ਨਾਲ ਇੰਨਾ ਲਗਾਓ ਕਿਉਂ ਹੈ ? ਇਹ ਕਿੱਥੋਂ ਆਉਂਦੀ ਹੈ ?

ਮੇਰੀ ਪਤਨੀ ਬੋਲੀ, "ਮੈਨੂੰ ਕੀ ਪਤਾ ਕੌਣ ਹੈ ? ਇਹ ਤਾਂ ਤੁਸੀਂ ਹੀ ਜਾਣਦੇ ਹੋਵੋਗੇ। ਕੀ ਪਤਾ ਤੁਹਾਡੇ ਇਸ ਨਾਲ ਪਿਛਲੇ ਜਨਮ ਦੇ ਸੰਬੰਧ ਹੋਣ। ਹਾਂ ਇਸ ਕੁੜੀ ਦੇ ਮਾਪੇ ਮਹੀਨਾ ਕੁ ਹੋਇਆ ਗੁਪਤਾ ਜੀ ਦੀ ਕੋਠੀ ਵਿੱਚ ਕਿਰਾਏਦਾਰ ਬਣ ਕੇ ਆਏ ਹਨ।"

ਉਹ ਕੁੜੀ ਦੂਜੇ-ਚੌਥੇ ਦਿਨ ਸਾਡੇ ਘਰ ਆਉਣ ਲੱਗੀ। ਉਹ ਸਾਡੇ ਨਾਲ ਬਿਲਕੁਲ ਓਪਰਾ ਨਾ ਕਰਦੀ। ਕਈ ਵਾਰ ਉਹ ਰੋਟੀ ਵੀ ਸਾਡੇ ਨਾਲ ਹੀ ਖਾ ਲੈਂਦੀ। ਇਕ ਦਿਨ ਮੰਜੇ ਉੱਤੇ ਮੇਰੇ ਨਾਲ ਬੈਠੀ ਕਹਾਣੀ ਸੁਣਦੀ-ਸੁਣਦੀ ਸੌਂ ਗਈ। ਮੈਂ ਉਸ ਨੂੰ ਉਠਾਉਣਾ ਚਾਹਿਆ। ਪਰ ਮੇਰੀ ਪਤਨੀ ਨੇ ਮੈਨੂੰ ਰੋਕ ਦਿੱਤਾ। "ਸੌਂ ਲੈਣ ਦਿਓ ਵਿਚਾਰੀ ਨੂੰ। ਪਤਾ ਨਹੀਂ ਕਿੰਨੇ ਦਿਨਾਂ ਦੀ ਉਣੀਂਦੀ ਪਈ ਹੈ। ਵੇਖੋ ਕਿੰਨੀ ਗੂੜ੍ਹੀ ਨੀਂਦਰ ਸੁੱਤੀ ਪਈ ਹੈ।"

ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਉਸ ਕੁੜੀ ਦੇ ਮਾਪੇ ਘੁੰਮਦੇ-ਘੁੰਮਾਉਂਦੇ ਸਾਡੇ ਘਰ ਆ ਗਏ। ਉਨ੍ਹਾਂ ਨੇ ਆਉਂਦਿਆਂ ਹੀ ਸਵਾਲ ਕੀਤਾ ਕਿ "ਸਾਡੀ ਕੁੜੀ ਤਾਂ ਨਹੀਂ ਆਈ ਤੁਹਾਡੇ ਘਰ ? ਕਾਫ਼ੀ ਸਮੇਂ ਤੋਂ ਘਰ ਨਹੀਂ ਪਰਤੀ। ਉੱਪਰੋਂ ਸ਼ਾਮ ਹੋਣ ਲੱਗੀ ਹੈ।"

ਮੈਂ ਕਿਹਾ, "ਹਾਂ ਭਾਈ ਸਾਹਿਬ ਆਈ ਹੈ। ਔਹ ਸੁੱਤੀ ਪਈ ਹੈ।"

"ਹੈਂ ! ਸੁੱਤੀ ਪਈ ਹੈ ?" ਬੜੀ ਹੈਰਾਨੀ ਨਾਲ ਉਨ੍ਹਾਂ ਕਿਹਾ, "ਅਸੀਂ ਕਾਫ਼ੀ ਸਮੇਂ ਤੋਂ ਲੱਭਦੇ ਫਿਰਦੇ ਖ਼ੱਜਲ-ਖ਼ੁਆਰ ਹੋ ਰਹੇ ਹਾਂ। ਅਤੇ ਇਹ ਨਵਾਬਜ਼ਾਦੀ ਇੱਥੇ ਲੰਮੀਆਂ ਤਾਣੀ ਪਈ ਹੈ। ਸ਼ਰਮ ਨੀਂ ਆਉਂਦੀ ਕਿੰਨੀ ਬੇਫ਼ਿਕਰੀ ਨਾਲ ਪਈ ਹੈ।" ਉਨ੍ਹਾਂ ਨੇ ਬੜੀ ਬੇਦਰਦੀ ਨਾਲ ਉਸ ਕੁੜੀ ਨੂੰ ਉਠਾਇਆ ਅਤੇ ਆਪਣੇ ਘਰ ਲੈ ਜਾਣ ਲੱਗੇ।

ਮੈਂ ਉਨ੍ਹਾਂ ਨੂੰ ਕਿਹਾ, "ਕਿੰਨੀ ਪਿਆਰੀ ਕੁੜੀ ਹੈ। ਤੁਸੀਂ ਇਸ ਨਾਲ ਪਿਆਰ ਕਿਉਂ ਨਹੀਂ ਕਰਦੇ ? ਕਿਉਂ ਇਸ ਨਾਲ ਬੇਰੁਖ਼ੀ ਵਾਲਾ ਵਰਤਾਓ ਕਰਦੇ ਹੋ ?"

ਉਨ੍ਹਾਂ ਸਾਨੂੰ ਇਸ ਦਾ ਕੋਈ ਉੱਤਰ ਨਹੀਂ ਦਿੱਤਾ ਸਗੋਂ ਉਹ ਲਾਲ-ਪੀਲੀਆਂ ਅੱਖਾਂ ਵਿਖਾਉਂਦੇ ਹੋਏ ਕੁੜੀ ਨੂੰ ਆਪਣੇ ਨਾਲ ਲੈ ਗਏ।

ਭਾਵੇਂ ਇਸ ਗੱਲ ਨੂੰ ਕਾਫ਼ੀ ਸਾਲ ਬੀਤ ਗਏ ਹਨ। ਭਾਵੇਂ ਉਸ ਕੁੜੀ ਨੇ ਆਪਣੇ ਸੁਪਨਿਆਂ ਦਾ ਸੰਸਾਰ ਵਸਾ ਲਿਆ ਹੋਵੇਗਾ। ਆਪਣੇ ਸੁਪਨਮਈ ਸ਼ਹਿਜ਼ਾਦੇ ਦੇ ਮਹਿਲਾਂ ਵਿਖੇ ਸੁੱਖੀਂ-ਸਾਂਦੀ ਵਸ ਰਹੀ ਹੋਵੇਗੀ। ਪਰ ਅੱਜ ਵੀ ਜਦੋਂ ਮੈਨੂੰ ਉਸ ਬੇਬਸ ਲਾਚਾਰ ਕੁੜੀ ਦੀ ਯਾਦ ਆਉਂਦੀ ਹੈ ਤਾਂ ਮੇਰਾ ਤ੍ਰਾਹ ਨਿਕਲ ਜਾਂਦਾ ਹੈ।

ਮੈਨੂੰ ਅੱਜ ਵੀ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਉਹ ਕੁੜੀ ਮੇਰੀ ਛਾਤੀ ਨਾਲ ਲੱਗੀ ਕਹਿ ਰਹੀ ਹੋਵੇ । ਅੰਕਲ ਮੈਨੂੰ ਕੋਈ ਕਵਿਤਾ ਸੁਣਾਓ। ਮੈਨੂੰ ਕੋਈ ਕਹਾਣੀ ਸੁਣਾਓ। ਮਿੱਠੀ-ਮਿੱਠੀ ਪਿਆਰੀ-ਪਿਆਰੀ। ਤਾਂ ਮੇਰਾ ਹੱਥ ਅਛੋਪਲੇ ਹੀ ਉਸ ਦੇ ਸਿਰ 'ਤੇ ਫਿਰਨ ਲੱਗਦਾ ਹੈ ਤੇ ਆਪ ਮੁਹਾਰੇ ਹੀ ਮੇਰੇ ਮੂੰਹੋਂ ਨਿਕਲ ਜਾਂਦਾ ਹੈ। ਹਾਂ ਬੇਟਾ ਸੁਣਾਵਾਂਗਾ ਜ਼ਰੂਰ ਸੁਣਾਵਾਂਗਾ ਤੈਨੂੰ ਕੋਈ ਮਿੱਠੀ ਪਿਆਰੀ ਕਵਿਤਾ। ਲਿਖਾਵਾਂਗਾ ਕੋਈ ਸੁਹਣੀ ਜਿਹੀ ਕਹਾਣੀ। ਕਿਉਂ ਨਹੀਂ ਸੁਣਾਵਾਂਗਾ ਆਪਣੀ ਪਿਆਰੀ ਬੇਟੀ ਨੂੰ ?

*939, ਅਰਬਨ ਅਸਟੇਟ, ਫੇਜ਼ -2, ਜਲੰਧਰ-144022 ਪੰਜਾਬ*

'ਪਾਲਿਕਾ ਸਮਾਚਾਰ' (ਪੰਜਾਬੀ) ਦੇ ਲੇਖਕਾਂ, ਪਾਠਕਾਂ ਅਤੇ ਸਮੂਹ ਦੇਸ਼ਵਾਸੀਆਂ ਨੂੰ ਨਵੇਂ ਸਾਲ 2015 ਦੀਆਂ ਬਹੁਤ-ਬਹੁਤ ਮੁਬਾਰਕਾਂ !

'ਪਾਲਿਕਾ ਸਮਾਚਾਰ ' (ਪੰਜਾਬੀ) ਦੇ ਸਰਪ੍ਰਸਤ
**ਸ੍ਰੀ ਜਲਜ ਸ੍ਰੀਵਾਸਤਵ** ਅਤੇ ਸੰਪਾਦਕੀ ਮੰਡਲ



ਬਾਲ ਗੀਤ

## ਸਰਦੀ ਆਈ

*— ਪ੍ਰੋ. ਸੁਲੱਖਣ ਮੀਤ*

ਸਰਦੀ ਆਈ, ਸਰਦੀ ਆਈ।
ਝੰਡੇ ਝੋਂਕੇ ਨਾਲ ਲਿਆਈ।

ਉੱਡ ਉੱਡ ਜਾਏ ਸਾਡੀ ਕੁੱਲੀ,
ਠਰ ਠਰ ਜਾਏ ਸਾਡੀ ਜੁੱਲੀ।

ਧੂਣੀ ਵੀ ਨਾ ਤਪਦੀ ਸਾਡੀ,
ਝੰਡ ਨਾਲ ਉਹ ਰਹਿੰਦੀ ਠਰਦੀ।

ਠੰਡਾ ਪਾਣੀ, ਹੱਥ ਨਾ ਲੱਗੇ,
ਹਰਦਮ ਨੱਕ ਤੋਂ ਪਾਣੀ ਵੱਗੇ।

ਕੁੜਤੇ ਵਿੱਚੋਂ ਲੜਦਾ ਪਾਲਾ,
ਜੋ ਗਿੱਦੜਾਂ ਦਾ ਹੁੰਦੈ ਸਾਲਾ।

ਝੰਡ ਨਾ ਲਾਹੇ ਪਗੜੀ ਸਿਰ ਦੀ,
ਮੋਰੀਆਂ ਵਾਲੀ ਜੁੱਤੀ ਠਰਦੀ।

ਇਕ ਦੂਜੇ ਨਾ' ਜੁੜ ਕੇ ਬਹੀਏ,
'ਪਾਲਾ ਪਾਲਾ' ਮੂੰਹ 'ਚੋਂ ਕਹੀਏ।

ਸੂਰਜ ਚੜ੍ਹੇ ਤਾਂ ਸੁਖ ਹੈ ਮਿਲਦਾ,
ਬੱਦਲ ਹੋਏ ਤਾਂ ਦੁੱਖ ਹੈ ਮਿਲਦਾ।

ਰੱਬਾ ! ਪਾਲਾ ਘੱਲਿਆ ਨਾ ਕਰ,
ਸਾਨੂੰ ਠੰਡ ਨਾ' ਵਿੰਨ੍ਹਿਆ ਨਾ ਕਰ।

*1, ਦਸਮੇਸ਼ ਨਗਰ,*
*ਸੰਗਰੂਰ-148001 (ਪੰਜਾਬ)*

## ਸਰਦੀ ਆਈ

*— ਭੁਪਿੰਦਰ ਸਿੰਘ ਆਸ਼ਟ*

ਫੇਰ ਦੁਬਾਰਾ, ਸਰਦੀ ਆਈ।
ਠਰਦੀ ਫਿਰਦੀ ਸਭ ਲੋਕਾਈ।

ਠੰਡੀ ਠਾਰ ਹਵਾ ਪਈ ਵੱਗੇ।
ਅੱਗ ਚੁੱਲ੍ਹੇ ਦੀ ਚੰਗੀ ਲੱਗੇ।
ਕੱਢ ਲਓ ਕੰਬਲ ਅਤੇ ਰਜ਼ਾਈ...
ਫੇਰ ਦੁਬਾਰਾ, ਸਰਦੀ ਆਈ।

ਗਰਮ ਕੋਟ ਸਵੈਟਰ ਪਾਈਏ।
ਠੰਡ ਤੋਂ ਆਪਣਾ ਆਪ ਬਚਾਈਏ।
ਦਾਦਾ ਜੀ ਨੇ ਗੱਲ ਸਮਝਾਈ...
ਫੇਰ ਦੁਬਾਰਾ, ਸਰਦੀ ਆਈ।

ਧੁੱਪ ਵਾਲਾ ਦਿਨ ਲੱਗੇ ਪਿਆਰਾ।
ਛਾਂ ਤੋਂ ਹਰ ਕੋਈ ਕਰੇ ਕਿਨਾਰਾ।
ਉਹ ਕੁਝ ਬੱਚਿਆਂ ਧੂਣੀ ਲਾਈ...
ਫੇਰ ਦੁਬਾਰਾ, ਸਰਦੀ ਆਈ।

ਸਰਦੀ ਦਾ ਤਿਉਹਾਰ ਹੈ ਲੋਹੜੀ।
ਖਾਈਏ ਭੁੱਗਾ, ਗਚਕ, ਰਿਉੜੀ।
ਸਭ ਕੁਦਰਤ ਦੀ ਰਚਨਾ ਭਾਈ...
ਫੇਰ ਦੁਬਾਰਾ, ਸਰਦੀ ਆਈ।

*ਪਿੰਡ ਤੇ ਡਾਕਘਰ : ਘੱਗਾ*
*ਜ਼ਿਲ੍ਹਾ ਪਟਿਆਲਾ-147102 (ਪੰਜਾਬ)*